ਸਿਰਫ ਨਿੱਜੀ ਵਿਤਰਣ ਵਾਸਤੇ

http://www.cgpi.org

ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਲੋਕ-ਅਵਾਜ਼



ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖਬਾਰ

ਜਿਲਦ 2, ਅੰਕ 1 | ਸਹਿਯੋਗ ਰਾਸ਼ੀ 5 ਰੁ | ਜਨਵਰੀ 2009

## ਨਵੇਂ ਸਾਲ ਤੇ, ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੇ ਜਨਰਲ ਸਕੱਤਰ, ਕਾਮਰੇਡ ਲਾਲ ਸਿੰਘ, ਦਾ ਵਧਾਈ ਸੰਦੇਸ਼

**ਮੇਰੇ ਪਿਆਰੇ ਸਾਥੀਓ ਅਤੇ ਲੋਕ-ਅਵਾਜ਼ ਦੇ ਸਮਸਤ ਪਾਠਕੋ,**

ਹਿੰਦੋਸਤਾਨ ਅਤੇ ਪੂਰੀ ਦੁਨੀਆਂ ਅੰਦਰ ਅਸੁਰੱਖਿਆ ਅਤੇ ਚਿੰਤਾ, ਦਹਿਸ਼ਤ ਅਤੇ ਆਪਸ-ਵਿੱਚ ਇੱਕ-ਦੂਜੇ ਉਤੇ ਸ਼ੱਕ ਦਾ ਮਹੌਲ ਫੈਲਾਇਆ ਜਾ ਰਿਹਾ ਹੈ। ਦੱਖਣੀ ਏਸ਼ੀਆ ਉਤੇ ਜੰਗ ਦੇ ਬੱਦਲ਼ ਮੰਡਲਾ ਰਹੇ ਹਨ। ਇਹਦੇ ਪਿਛੇ ਸੱਤਾ ਤੇ ਬੈਠੀ ਸਾਮਰਾਜਵਾਦੀ ਸਰਮਾਏਦਾਰੀ ਦਾ ਹੱਥ ਹੈ; ਉਹ ਪੂੰਜੀਵਾਦ ਦੇ ਗਹਿਰਾ ਰਹੇ ਸੰਕਟ ਤੋਂ ਬਚਣ ਲਈ ਫਾਸ਼ੀਵਾਦ ਅਤੇ ਜੰਗ ਦਾ ਸਹਾਰਾ ਲੈ ਰਹੀ ਹੈ। ਇਹ, ਕੁੱਝ ਅਖੌਤੀ ਗੈਰ-ਰਾਜਕੀ ਪਾਤਰਾਂ ਦਾ ਕੰਮ ਨਹੀਂ ਹੈ, ਜਿੱਦਾਂ ਕਿ ਸਰਮਾਏਦਾਰ ਪ੍ਰਚਾਰ ਕਰ ਰਹੇ ਹਨ।

ਇਹ ਸਪੱਸ਼ਟ ਹੈ ਕਿ 2009, ਵੱਡੇ-ਵੱਡੇ ਸੰਘਰਸ਼ਾਂ ਦਾ ਵਰ੍ਹਾ ਹੋਏਗਾ। ਇਸ ਵਿੱਚ ਮਜਦੂਰ ਜਮਾਤ ਦੀ ਅਹਿਮ ਭੂਮਿਕਾ ਹੋਵੇਗੀ। ਕਮਿਉਨਿਸਟਾਂ ਅਤੇ ਸੱਭ ਅਗਾਂਹਵਧੂ ਤਾਕਤਾਂ ਉਤੇ ਕਾਫੀ ਬੜੀ ਜਿਮੇਵਾਰੀ ਹੋਵੇਗੀ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਮਜਦੂਰ ਜਮਾਤ, ਸੱਤਾ 'ਚ ਬੈਠੇ ਸਰਮਾਏਦਾਰਾਂ ਦੇ ਹਮਲਿਆਂ ਦਾ ਵਿਰੋਧ ਕਰਨ ਵਿੱਚ ਅਤੇ ਆਪਣੇ ਹੱਥਾਂ 'ਚ ਰਾਜਸੱਤਾ ਲੈਣ ਦੀ ਤਿਆਰੀ ਕਰਨ ਵਿੱਚ ਮਿਹਨਤਕਸ਼ਾਂ ਨੂੰ ਅਗਵਾਈ ਦੇਵੇ।

ਪੂੰਜੀਵਾਦੀ ਵਿਵਸਥਾ, ਜੋ ਇਸ ਸਮੇਂ ਆਪਣੇ ਉਚਤਮ ਪੜਾਅ– ਸਾਮਰਾਜਵਾਦ ਦੇ ਪੜਾਅ– 'ਚ ਹੈ, ਅੱਜ ਸਾਰੀ ਦੁਨੀਆਂ ਅੰਦਰ ਇੱਕ ਗਹਿਰੇ ਅਤੇ ਸਰਬ-ਪੱਖੀ ਸੰਕਟ 'ਚ ਫਸੀ ਹੋਈ ਹੈ। ਜਦ ਉਨ੍ਹਾਂ ਦੇ ਮੁਨਾਫੇ ਖਤਰੇ 'ਚ ਹੁੰਦੇ ਹਨ, ਤਾਂ ਸਰਮਾਏਦਾਰ ਜਮਾਤ ਹੋਰ ਵਧੇਰੇ ਬੇਰਹਿਮੀ ਨਾਲ ਮਜਦੂਰਾਂ ਦਾ ਸ਼ੋਸ਼ਣ ਕਰਦੀ ਹੈ, ਕਿਸਾਨਾਂ-ਮਿਹਨਤਕਸ਼ਾਂ ਨੂੰ ਲੁੱਟਦੀ ਹੈ ਅਤੇ ਦੂਸਰੇ ਦੇਸ਼ਾਂ ਨੂੰ ਦਬਾਉਂਦੀ ਹੈ। ਉਹ ਹੋਰ ਵਧੇਰੇ ਚਤੁਰਾਈ ਨਾਲ ਮਜਦੂਰਾਂ-ਮਿਹਨਤਕਸ਼ਾਂ ਨੂੰ ਅੱਡੋ-ਫਾੜ ਅਤੇ ਗੁਮਰਾਹ ਕਰਨ ਦੀਆਂ ਸਾਜ਼ਿਸ਼ਾ ਬਣਾਉਂਦੀ ਹੈ।

ਸਰਮਾਏਦਾਰ, ਆਪਣੇ ਮੁਨਾਫਿਆਂ ਨੂੰ ਬਰਕਰਾਰ ਰੱਖਦੇ ਹੋਏ ਅਤੇ ਪਹਿਲਾਂ ਨਾਲੋਂ ਜ਼ਿਆਦਾ ਮਜਬੂਤ ਹੋਕੇ ਸੰਕਟ 'ਚੋਂ ਬਚ ਨਿਕਲਣ ਲਈ, ਫਾਸ਼ੀਵਾਦ ਅਤੇ ਜੰਗ ਦਾ ਰਸਤਾ ਅਪਨਾਉਣਾ ਚਾਹੁੰਦੇ ਹਨ। ਉਹ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਨੂੰ ਖੋਹਣ ਲਈ ਅਤੇ ਹਰ ਪ੍ਰਕਾਰ ਦੀ ਵਿਰੋਧਤਾ ਨੂੰ ਅਪਰਾਧਿਕ ਕਰਾਰ ਦੇਣ ਲਈ "ਦਹਿਸ਼ਤਵਾਦ ਖਿਲਾਫ ਜੰਗ" ਦਾ ਝੰਡਾ ਲਹਿਰਾ ਰਹੇ ਹਨ।

ਅਮਰੀਕੀ ਸਾਮਰਾਜਵਾਦੀਏ, ਇਸ ਉਪ-ਮਹਾਂਦੀਪ ਉਤੇ ਧੌਂਸ ਜਮਾਉਣਾ ਚਾਹੁੰਦੇ ਹਨ ਅਤੇ ਸਾਰੀ ਦੁਨੀਆਂ ਦੇ ਸਰਦਾਰ ਬਣਨਾ ਚਾਹੁੰਦੇ ਹਨ। ਇਹਦੇ ਲਈ ਉਹ ਏਸ਼ੀਆ ਅੰਦਰ ਜੰਗ ਨੂੰ ਹੋਰ ਵਧੇਰੇ ਫੈਲਾਉਣਾ ਚਾਹੁੰਦੇ ਹਨ ਅਤੇ ਇਸ 'ਚ ਦੂਜੇ ਦੇਸ਼ਾਂ ਦਾ ਸਮਰਥਨ ਲੋਚਦੇ ਹਨ। ਹਿੰਦੋਸਤਾਨ ਦੇ ਸਾਮਰਾਜਵਾਦੀ ਸਰਮਾਏਦਾਰ, ਇਸ ਇਲਾਕੇ ਅੰਦਰ ਅਮਰੀਕਾ ਦੀ ਰਣਨੀਤੀ ਦੇ ਨਾਲ ਕਦਮ ਮਿਲਾਕੇ ਬੜੇ ਜੋਸ਼ ਨਾਲ ਚਲ ਰਹੇ ਹਨ। ਉਨ੍ਹਾਂ ਨੂੰ ਉਮੀਦ ਹੈ ਕਿ ਇਸ ਤਰ੍ਹਾਂ ਹਿੰਦੋਸਤਾਨ ਮਜਬੂਤ ਹੋ ਜਾਏਗਾ ਅਤੇ ਪਾਕਿਸਤਾਨ ਕਮਜ਼ੋਰ ਹੋਵੇਗਾ।

ਇਸ ਵਕਤ ਹਾਲਤ ਨੂੰ ਸੰਭਾਲਣਾ ਅਤੇ ਹਿੰਦੋਸਤਾਨ ਨੂੰ ਇਸ ਇਲਾਕੇ ਅੰਦਰ ਜੰਗ ਅਤੇ ਫਾਸ਼ੀਵਾਦ ਦਾ ਇੱਕ ਕਾਰਕ ਬਣਨ ਤੋਂ ਰੋਕਣਾ, ਮਜਦੂਰ ਜਮਾਤ ਦੇ ਹੱਥਾਂ 'ਚ ਹੈ। ਕਮਿਉਨਿਸਟਾਂ ਨੂੰ ਸਪੱਸ਼ਟ, ਏਕ-ਜੁੱਟ ਅਤੇ ਅਡੋਲ ਅਗਵਾਈ ਦੇਣੀ ਚਾਹੀਦੀ ਹੈ, ਤਾਂਕਿ ਮਜ਼ਦੂਰ ਜਮਾਤ ਆਪਣੀ ਸਹੀ ਭੂਮਿਕਾ ਨਿਭਾ ਸਕੇ।

ਲੋਕਾਂ ਦਾ ਧਿਆਨ ਭਟਕਾਉਣ ਅਤੇ ਧਰਮ, ਜਾਤ, ਭਾਸ਼ਾ ਅਤੇ ਕੌਮੀਅਤ ਦੇ ਅਧਾਰ ਤੇ ਲੋਕਾਂ ਨੂੰ ਆਪਸ-ਵਿੱਚ ਲੜਾਉਣ ਲਈ, ਸਰਮਾਏਦਾਰ ਕਈ ਦੁਸ਼ਟ ਸਾਜ਼ਿਸ਼ਾਂ ਰਚ ਰਹੇ ਹਨ। ਹੁਣ ਵਕਤ ਆ ਗਿਆ ਹੈ ਕਿ ਕਮਿਉਨਿਸਟ, ਸਰਮਾਏਦਾਰਾਂ ਦੇ ਖਿਲਾਫ ਮਜਦੂਰ ਜਮਾਤ ਅਤੇ ਮਿਹਨਤਕਸ਼ਾਂ ਨੂੰ, ਆਪਣੇ ਜਮਾਤੀ ਹਿੱਤ ਲਈ ਇੱਕ-ਜੁੱਟ ਕਰਨ ਦੀ ਆਪਣੀ ਯੋਜਨਾ ਬਣਾਕੇ ਉਸਨੂੰ ਲਾਗੂ ਕਰਨ।

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਨੇ, 2008 ਵਿੱਚ ਕਈ ਕਾਮਯਾਬੀਆਂ ਹਾਸਲ ਕੀਤੀਆਂ ਹਨ। ਅਸੀਂ ਪੂਰੀ ਜਾਗਰੂਕਤਾ ਦੇ ਨਾਲ, ਅਲੱਗ-ਅਲੱਗ ਇਲਾਕਿਆਂ ਅੰਦਰ ਹਿੰਦੋਸਤਾਨੀ ਕਮਿਉਨਿਸਟ ਅੰਦੋਲਨ ਬਾਰੇ ਕਮਿਉਨਿਸਟ ਸਕੂਲ ਅਯੋਜਿਤ ਕਰਕੇ, ਮਜ਼ਦੂਰਾਂ ਦੇ ਅੰਦਰ ਕਮਿਉਨਿਸਟਾਂ ਦੀ ਇੱਕ ਨੌਜਵਾਨ ਸੈਨਾ ਨੂੰ ਸਿਖਲਾਈ ਦੇਣ ਦੀ ਯੋਜਨਾ ਨੂੰ ਸਫਲਤਾਪੂਰਬਕ ਲਾਗੂ ਕੀਤਾ। ਅਸੀਂ ਵਰਤਮਾਨ ਲੋਕਤੰਤਰ ਦੀ ਵਿਵਸਥਾ ਅਤੇ ਰਾਜਨੀਤਕ ਪ੍ਰਕ੍ਰਿਆ, ਉਦਾਰੀਕਰਣ ਅਤੇ ਨਿੱਜੀਕਰਣ ਦੇ ਜ਼ਰੀਏ ਭੂਮੰਡਲੀਕਰਣ, ਹਾਕਮ ਜਮਾਤ ਦੀ ਫਾਸ਼ੀਵਾਦੀ ਅਤੇ ਦੁਫੇੜਬਾਜ਼ ਰਾਜਨੀਤੀ ਦਾ ਪਰਦਾ ਫਾਸ਼ ਕਰਨ ਲਈ ਜਨਤਕ ਮੁਹਿੰਮਾਂ ਚਲਾਈਆਂ। ਅਸੀਂ ਬਹਾਦਰੀ ਨਾਲ, ਮੇਹਨਤਕਸ਼ਾਂ ਦੇ ਵਿਚਕਾਰ ਜਾਕੇ ਇਹ ਪ੍ਰਚਾਰ ਕੀਤਾ ਕਿ ਸਮਾਜਵਾਦ ਹੀ ਇਸ ਸੰਕਟਾਂ-ਲੱਦੀ ਸਰਮਾਏਦਾਰ ਵਿਵਸਥਾ ਦਾ ਬਦਲਾਅ (ਵਿਕਲਪ) ਹੈ।

2009 'ਚ ਪ੍ਰਵੇਸ਼ ਕਰਦਿਆਂ, ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਆਪਣੇ ਇਸ ਸੰਕਲਪ ਤੇ ਡਟੀ ਰਹੇਗੀ ਕਿ ਅਸੀਂ ਇਨਕਲਾਬੀ ਅਧਾਰ ਤੇ, ਹਿੰਦੋਸਤਾਨੀ ਕਮਿਉਨਿਸਟਾਂ ਦੀ ਏਕਤਾ ਨੂੰ ਮੁੜ-ਸਥਾਪਤ ਕਰਾਂਗੇ ਅਤੇ ਸਰਮਾਏਦਾਰਾਂ ਦੇ ਹਮਲੇ ਨੂੰ ਹਰਾਉਣ ਲਈ, ਮਜਦੂਰ ਜਮਾਤ ਅਤੇ ਮਿਹਨਤਕਸ਼ਾਂ ਦੀ ਏਕਤਾ ਮਜਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਵਾਂਗੇ।

ਵਧਦੇ ਫਾਸ਼ੀਵਾਦ ਅਤੇ ਜੰਗ ਦੀਆਂ ਤਿਆਰੀਆਂ ਨੂੰ ਹਰਾਉਣ ਲਈ, ਇਹ ਜਰੂਰੀ ਹੈ ਕਿ ਕਮਿਉਨਿਸਟ, ਮਿਹਨਤਕਸ਼ਾਂ ਦੇ ਵਿਚਕਾਰ ਜਾਕੇ ਸੱਚਾਈ ਦਾ ਖੁਲਾਸਾ ਕਰਨ ਅਤੇ ਰਾਜਨੀਤਕ ਸੰਘਰਸ਼ ਵਿੱਚ ਲੋਕਾਂ ਨੂੰ ਲਾਮਬੰਦ ਕਰਨ। ਸਾਨੂੰ ਸੱਭ ਨੂੰ ਇਸ ਕੰਮ ਵਿੱਚ ਇੱਕ ਸ਼ਾਨਦਾਰ ਮਿਸਾਲ ਬਣਨਾ ਚਾਹੀਦਾ ਹੈ।

ਅੰਤ 'ਚ, ਮੈਂ ਆਪ ਸੱਭ ਨੂੰ ਇੱਕ ਸਰਗਰਮ ਅਤੇ ਕਾਮਯਾਬ ਨਵੇਂ ਵਰ੍ਹੇ ਦੀ ਸ਼ੁੱਭ-ਕਾਮਨਾ ਦਿੰਦਾ ਹਾਂ। ਇਸ ਵਰ੍ਹੇ ਨੂੰ ਹਿੰਦੋਸਤਾਨੀ ਮਜਦੂਰ ਜਮਾਤ ਦੇ ਪੁਨਰ-ਜਾਗਰਨ ਦਾ ਵਰ੍ਹਾ ਬਣਾਓ ! ਭਵਿੱਖ ਮੇਹਨਤਕਸ਼ਾਂ ਦਾ ਹੈ, ਸਾਡਾ ਖੂਨ ਚੂਸਣ ਵਾਲਿਆਂ ਦਾ ਨਹੀਂ!

**ਲਾਲ ਸਿੰਘ, ਜਨਰਲ ਸਕੱਤਰ,**
**ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ**

# ਦੱਖਣੀ ਏਸ਼ੀਆ 'ਚ ਅਮਨ ਲਈ ਸੰਘਰਸ਼ ਵਿੱਚ ਇੱਕਜੁੱਟ ਹੋਵੋ! ਜੰਗ ਛੇੜਨ ਦੀਆਂ ਅਮਰੀਕੀ ਸਾਜ਼ਿਸ਼ਾਂ ਨੂੰ ਨਕਾਮ ਕਰ ਦਿਓ!

## ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ, 12 ਦਸੰਬਰ 2008

26-28 ਨਵੰਬਰ ਨੂੰ, ਮੁੰਬਈ 'ਚ ਹੋਏ ਦਹਿਸ਼ਤਵਾਦੀ ਹਮਲਿਆਂ ਤੋਂ ਬਾਅਦ, ਦੱਖਣੀ ਏਸ਼ੀਆ ਵਿੱਚ ਅਮਰੀਕੀ ਦਖਲ-ਅੰਦਾਜ਼ੀ ਬੇਹੱਦ ਵਧ ਗਈ ਹੈ। ਦਹਿਸ਼ਤਵਾਦ ਦੀ ਜਾਂਚ ਕਰਨੇ ਦੀ ਆੜ ਹੇਠ, ਅਮਰੀਕੀ ਖੁਫੀਆ ਟੋਲੀਆਂ ਭਾਰੀ ਤਾਦਾਦ 'ਚ ਹਿੰਦੋਸਤਾਨ ਅੰਦਰ ਆਈਆਂ ਹੋਈਆਂ ਹਨ। ਅਮਰੀਕੀ ਸੇਨਾਵਾਂ ਨੇ ਪਾਕਿਸਤਾਨ ਦੀ ਪੱਛਮੀ ਸੀਮਾ ਨੂੰ ਪਾਰ ਕਰ ਲਿਆ ਹੈ ਅਤੇ ਬਲੋਚੀ ਅਤੇ ਪਠਾਣ ਲੋਕਾਂ ਉਤੇ ਹਥਿਆਰਬੰਦ ਹਮਲੇ ਕਰ ਰਹੀਆਂ ਹਨ। ਪਾਕਿਸਤਾਨ ਅੰਦਰ ਅਮਰੀਕੀ ਫੌਜ ਦੀ ਹੋਰ ਵਧੇਰੇ ਘੁਸਪੈਠ ਅਤੇ ਅਫਗਾਨਿਸਤਾਨ ਦੇ ਮੁਕਤੀ ਯੋਧਿਆਂ ਖਿਲਾਫ ਹੋਰ ਵਧੇਰੇ ਹਿੰਸਾ ਦਾ ਖਤਰਾ ਹੈ। ਓਬਾਮਾ ਨੇ ਆਪਣੀਆਂ ਯੋਜਨਾਵਾਂ ਦਾ ਖੁਲਾਸਾ ਕੀਤਾ ਹੈ, ਕਿ ਇਰਾਕ ਵਿੱਚ ਅਮਰੀਕੀ ਫੌਜਾਂ ਦੀ ਸੰਖਿਆ ਘਟਾਕੇ, ਅਫਗਾਨਿਸਤਾਨ ਅੰਦਰ ਉਨ੍ਹਾਂ ਦੀ ਸੰਖਿਆ ਨੂੰ 34,000 ਤੋਂ 58,000 ਤਕ ਵਧਾਇਆ ਜਾਏਗਾ।

ਮੁੰਬਈ 'ਚ ਹੋਏ ਦਹਿਸ਼ਤਵਾਦੀ ਹਮਲਿਆਂ ਦਾ ਇਸਤੇਮਾਲ ਕਰਕੇ, ਪਾਕਿਸਤਾਨ ਉਤੇ ਹਥਿਆਰਬੰਦ ਹਮਲਾ ਕਰਨ ਅਤੇ ਅਫਗਾਨਿਸਤਾਨ ਉਤੇ ਅਮਰੀਕੀ ਕਬਜ਼ੇ ਅਤੇ ਜੰਗ ਨੂੰ ਜਾਰੀ ਰੱਖਣ ਦੇ ਪੱਖ ਵਿੱਚ, ਇੱਕ "ਅੰਤਰਰਾਸ਼ਟਰੀ ਗਠਬੰਧਨ" ਬਣਾਉਣ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਹ, ਦੱਖਣੀ ਏਸ਼ੀਆ ਦੇ ਲੋਕਾਂ ਦੇ ਅਮਨ ਅਤੇ ਸੁਰੱਖਿਆ ਲਈ ਖਤਰਨਾਕ ਗਤੀਵਿਧੀਆਂ ਹਨ।

ਮਨਮੋਹਣ ਸਿੰਘ ਦੀ ਸਰਕਾਰ ਨੇ ਅਮਰੀਕੀ ਖੁਫੀਆ ਦਲਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਮੁੰਬਈ ਦੇ ਦਹਿਸ਼ਤਵਾਦੀ ਹਮਲਿਆਂ ਦੀ ਜਾਂਚ ਵਿੱਚ ਹਿੰਦੋਸਤਾਨੀ ਖੁਫੀਆ ਦਲਾਂ ਦੇ ਨਾਲ ਮਿਲਕੇ ਕੰਮ ਕਰਨ। ਇਸ ਨਾਲ ਹਿੰਦੋਸਤਾਨ ਦੇ ਦਰਵਾਜੇ, ਦੁਨੀਆਂ ਦੀ ਸਭ ਤੋਂ ਖਤਰਨਾਕ ਤਾਕਤ ਲਈ ਖੁਲ੍ਹ ਗਏ ਹਨ। ਸਾਡੀ ਸਰਕਾਰ ਅਮਰੀਕਾ ਦੇ ਨਾਲ ਮਿਲਕੇ, ਪਾਕਿਸਤਾਨ ਉਤੇ ਵੱਧ ਤੋਂ ਵੱਧ ਦਬਾ ਪਾ ਰਹੀ ਹੈ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਭੀ ਅਪੀਲ ਕਰ ਰਹੀ ਹੈ। ਇਹ ਦਹਿਸ਼ਤਵਾਦ ਨਾਲ ਲੜਨ ਦੇ ਨਾਂ ਤੇ, ਪਾਕਿਸਤਾਨ ਦੇ ਖਿਲਾਫ ਜੰਗ ਛੇੜਨ ਦੇ ਪੱਖ ਵਿੱਚ, ਹਿੰਦੋਸਤਾਨ ਅਤੇ ਪੂਰੀ ਦੁਨੀਆਂ ਵਿੱਚ ਸਰਗਰਮੀ ਨਾਲ ਜਨਮਤ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਸਾਨੂੰ-- ਹਿੰਦੋਸਤਾਨ, ਪਾਕਿਸਤਾਨ, ਅਫਗਾਨਿਸਤਾਨ, ਬੰਗਲਾਦੇਸ਼ ਅਤੇ ਦੱਖਣੀ ਏਸ਼ੀਆ ਦੇ ਹੋਰ ਲੋਕਾਂ ਨੂੰ-- ਇਸ ਇਲਾਕੇ ਅੰਦਰ ਅਮਰੀਕੀ ਘੁਸਪੈਠ ਵਧਾਉਣ ਦਾ ਕੋਈ ਫਾਇਦਾ ਨਹੀਂ ਹੈ। ਦੱਖਣ ਏਸ਼ੀਆ ਵਿੱਚ ਜੰਗ ਫੈਲਣ ਨਾਲ, ਸਾਨੂੰ ਕੋਈ ਫਾਇਦਾ ਨਹੀਂ ਹੈ। ਸਾਨੂੰ ਇਸ ਗੱਲ ਤੇ ਕਤਈ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿ ਅਮਰੀਕੀ ਖੁਫੀਆ ਦਲ, ਸਾਨੂੰ ਮੁੰਬਈ ਉਤੇ ਹੋਏ ਦਹਿਸ਼ਤਵਾਦੀ ਹਮਲਿਆਂ ਦੇ ਪਿੱਛੇ ਛੁਪੀ ਸੱਚਾਈ ਨੂੰ ਤਲਾਸ਼ਣ 'ਚ ਮੱਦਦ ਕਰਨਗੇ।

ਅਮਰੀਕਾ ਅਤੇ ਉਸਦੇ ਖੁਫੀਆ ਦਲ, ਆਪਣੇ ਖੁਦਗਰਜ਼ ਹਿੱਤਾਂ ਨੂੰ ਅੱਗੇ ਵਧਾਉਣ ਲਈ, ਵੱਡੇ ਤੋਂ ਵੱਡੇ ਮਨਘੜਤ ਝੂਠ ਫੈਲਾਉਣ 'ਚ ਮਾਹਰ, ਹਨ। ਉਨ੍ਹਾਂ ਨੇ ਸੱਦਾਮ ਹੁਸੈਨ ਦੇ ਜਨ-ਸੰਹਾਰ ਦੇ ਸ਼ਾਸ਼ਤਰਾਂ ਦੇ ਬਾਰੇ ਦੁਨੀਆਂ ਕੋਲ ਝੂਠ ਬੋਲਕੇ, ਇਰਾਕ ਉਤੇ ਅਮਰੀਕੀ ਹਮਲੇ ਨੂੰ ਉਚਿਤ ਠਹਿਰਾਇਆ, ਇਰਾਕ ਦੇ ਵਿਨਾਸ਼ ਅਤੇ ਹਥਿਆਰਬੰਦ ਕਬਜੇ ਨੂੰ ਉਚਿਤ ਠਹਿਰਾਇਆ।

ਅਮਰੀਕੀ ਸੀ.ਆਈ.ਏ., ਪਾਕਿਸਤਾਨ ਅੰਦਰ ਅਤੇ ਸਰਹੱਦ ਦੇ ਪਾਰ ਅਫਗਾਨਿਸਾਨ ਅੰਦਰ, ਅਧਿਕਤਰ ਦਹਿਸ਼ਤਗਰਦ ਗਿਰੋਹਾਂ ਦਾ ਨਿਰਮਾਤਾ ਅਤੇ ਪਾਲਣਹਾਰ ਹੈ। ਸੀ.ਆਈ.ਏ. ਨੇ ਬਰਤਾਨੀਆਂ ਦੇ ਐਸ.ਆਈ. 6 ਦੇ ਨਾਲ ਮਿਲਕੇ, 80ਵਿਆਂ ਦੇ ਦਹਾਕੇ ਵਿੱਚ ਸੋਵੀਅਤ ਹਥਿਆਰਬੰਦ ਕਬਜ਼ੇ ਦੇ ਖਿਲਾਫ ਅਫਗਾਨ ਲੋਕਾਂ ਦੇ ਵਿਦਰੋਹ ਵਿੱਚ ਘੁਸਪੈਠ ਕਰਨ ਲਈ, ਕਈ ਅਜੇਹੇ ਗਿਰੋਹ ਬਣਾਏ ਸਨ। ਸੋਵੀਅਤ ਯੂਨੀਅਨ ਦੇ ਖਾਤਮੇ ਤੋਂ ਬਾਅਦ, ਬਰਤਾਨਵੀ-ਅਮਰੀਕੀ ਸਾਮਰਾਜਵਾਦੀਏ ਆਪਣੇ ਹਿੱਤਾਂ ਅਨੁਸਾਰ "ਦਹਿਸ਼ਤਵਾਦ ਦਾ ਪੱਤਾ" ਬਾਰ-ਬਾਰ ਖੇਡਦੇ ਆਏ ਹਨ। 2001 ਤੋਂ ਉਨ੍ਹਾਂ ਨੇ, ਤਮਾਮ ਹਥਿਆਰਬੰਦ ਗਿਰੋਹਾਂ ਦੇ ਨਾਲ ਆਪਣੇ ਗੁਪਤ ਸਬੰਧਾਂ ਦਾ ਇਸਤੇਮਾਲ ਕਰਕੇ, ਅਮਰੀਕੀ ਕਬਜ਼ੇ ਦੇ ਖਿਲਾਫ ਅਫਗਾਨ ਪ੍ਰਤੀਰੋਧ ਅੰਦਰ ਫੁੱਟਾਂ ਪੈਦਾ ਕੀਤੀਆਂ ਹਨ ਅਤੇ ਪਾਕਿਸਤਾਨ ਦੀ ਸਥਿਤੀ ਨੂੰ ਆਪਣੇ ਪੱਖ 'ਚ ਮੋੜਨ ਦਾ ਯਤਨ ਕੀਤਾ ਹੈ।

ਇਸ ਵਕਤ ਅਫਗਾਨਿਸਤਾਨ ਉਤੇ ਅਮਰੀਕੀ ਕਬਜਾ ਕਮਜੋਰ ਹੋ ਰਿਹਾ ਹੈ। 2008 ਵਿੱਚ, ਇਸਤੋਂ ਪਹਿਲਾਂ ਦੇ ਕਿਸੇ ਵੀ ਸਾਲ ਨਾਲੋਂ ਕਿਤੇ ਵਧੇਰੇ ਅਮਰੀਕੀ ਸੈਨਿਕ ਅਫਗਾਨ ਮੁਕਤੀ ਯੋਧਿਆਂ ਦੇ ਹੱਥੋਂ ਮਰੇ ਹਨ। ਸੁਰੱਖਿਆ ਅਤੇ ਵਿਕਾਸ ਬਾਰੇ ਅੰਤਰਰਾਸ਼ਟਰੀ ਪ੍ਰੀਸ਼ਦ ਦੇ ਅਨੁਸਾਰ, ਅਫਗਾਨਿਸਤਾਨ ਦਾ ਸਿਰਫ 28 ਪ੍ਰਤੀਸ਼ਨ ਹਿੱਸਾ ਅਮਰੀਕਾ ਨੀਤ ਕਬਜਾਕਾਰੀ ਫੌਜਾਂ ਅਤੇ ਕਠਪੁਤਲੀ ਕਰਜ਼ਈ ਸਰਕਾਰ ਦੇ ਨਿਅੰਤਰਨ ਹੇਠ ਹੈ। ਬਾਕੀ 72 ਪ੍ਰਤੀਸ਼ਤ, ਅਫਗਾਨ ਮੁਕਤੀ ਯੋਧਿਆਂ ਦੇ ਹੱਥਾਂ 'ਚ ਹੈ।

ਵਿਦੇਸ਼ੀ ਕਬਜੇ ਦੇ ਖਿਲਾਫ ਅਫਗਾਨ ਲੋਕਾਂ ਦੇ ਸੰਘਰਸ਼ ਨੂੰ, ਬਲੋਚਿਸਤਾਨ ਅਤੇ ਉਤਰ-ਪੱਛਮੀ ਸਰਹੱਦੀ ਸੂਬੇ ਦੇ ਲੋਕਾਂ ਦੀ ਹਮਦਰਦੀ ਅਤੇ ਹਮਾਇਤ ਹਾਸਲ ਹੈ। ਇਸ ਹਮਾਇਤ ਨੂੰ ਨਸ਼ਟ ਕਰਨ ਲਈ, ਜਦ-ਜਦ ਅਮਰੀਕਾ ਨੇ ਪਾਕਿਸਤਾਨ ਅੰਦਰ ਘੁਸਪੈਠ ਕੀਤੀ ਹੈ, ਤਦ-ਤਦ ਉਥੋਂ ਦੇ ਲੋਕਾਂ ਨੇ ਭਾਰੀ ਸੰਖਿਆ 'ਚ ਅੱਗੇ ਆਕੇ ਉਸਦਾ ਵਿਰੋਧ ਕੀਤਾ ਹੈ। ਇਸ ਸੰਦਰਭ ਵਿੱਚ, ਮੁੰਬਈ ਉਤੇ ਦਹਿਸ਼ਤਵਾਦੀ ਹਮਲਿਆਂ ਨਾਲ, ਅਮਰੀਕੀ ਸਾਮਰਾਜਵਾਦ ਨੂੰ ਹੁਣ ਬਹਾਨਾ ਮਿਲ ਗਿਆ ਹੈ, ਜਿਸ ਨਾਲ ਉਹ ਉਥੇ ਹੋਰ ਵਧੇਰੇ ਸੰਖਿਆ ਵਿੱਚ ਸੈਨਾ ਤਾਇਨਾਤ ਕਰ ਸਕਦਾ ਹੈ ਅਤੇ ਅਮਰੀਕੀ ਸਾਮਰਾਜਵਾਦ ਅਤੇ ਉਸਦੇ ਪਿੱਠੂਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਕੁਚਲਣ ਲਈ, ਪਾਕਿਸਤਾਨ ਸਰਕਾਰ ਉਤੇ ਦਬਾ ਪਾ ਸਕਦਾ ਹੈ।

ਸਾਰੀ ਦੁਨੀਆਂ ਦੇ ਪੈਮਾਨੇ ਤੇ, ਅਮਰੀਕੀ ਸਾਮਰਾਜਵਾਦ ਦਾ ਰੁਤਬਾ ਹੁਣ ਕਮਜ਼ੋਰ ਹੋ ਰਿਹਾ ਹੈ, ਅਤੇ ਸਾਨੂੰ ਤਾਜ਼ਾ ਗਤੀਵਿਧੀਆਂ ਨੂੰ ਇਸ ਸੰਦਰਭ 'ਚ ਸਮਝਣਾ ਹੋਵੇਗਾ। ਅਮਰੀਕਾ ਦੀ ਆਰਥਿਕਤਾ ਘੋਰ ਸੰਕਟ ਵਿੱਚ ਹੈ। ਅਮਰੀਕਾ

ਬਾਕੀ ਸਫਾ 3 'ਤੇ

# ਮੁੰਬਈ ਵਿੱਚ 26-28 ਨਵੰਬਰ ਦੇ ਦਹਿਸ਼ਤੀ ਹਮਲਿਆਂ ਦੀ ਨਿਖੇਧੀ ਕਰੋ!

## ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦਾ ਬਿਆਨ,29 ਨਵੰਬਰ 2008

ਮੁੰਬਈ ਅੰਦਰ 26-28 ਨਵੰਬਰ ਨੂੰ, 10 ਤੋਂ ਵਧੇਰੇ ਥਾਵਾਂ ਤੇ ਹੋਏ ਦਹਿਸ਼ਤੀ ਹਮਲਿਆਂ 'ਚ ਸੈਂਕੜੇ ਬੇਕਸੂਰ ਲੋਕ ਮਾਰੇ ਗਏ ਹਨ ਜਾਂ ਜ਼ਖਮੀ ਹੋਏ ਹਨ।ਪੂਰੇ ਦੇਸ਼ ਦੇ ਲੋਕਾਂ ਨੇ ਟੀ.ਵੀ. ਤੇ ਦੇਖਿਆ ਕਿ ਕਿਸ ਤਰ੍ਹਾਂ ਦੋ ਦਿਨ ਤਕ ਲਗਾਤਾਰ ਤਾਜ ਹੋਟਲ, ਓਬਰਾਏ ਹੋਟਲ ਅਤੇ ਨਾਰੀਮਾਨ ਹਾਊਸ 'ਤੇ ਦਹਿਸ਼ਤਗਰਦਾਂ ਦੀ ਘੇਰਾਬੰਦੀ ਜਾਰੀ ਰਹੀ। ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਇਸ ਦਹਿਸ਼ਤੀ ਹਮਲੇ ਦੀ ਸਖਤ ਨਿਖੇਧੀ ਕਰਦੀ ਹੈ ਅਤੇ ਇਸਦਾ ਸ਼ਿਕਾਰ ਬਣੇ ਲੋਕਾਂ ਦੇ ਪ੍ਰੀਵਾਰਾਂ ਲਈ ਤਹਿ-ਦਿਲੋਂ ਹਮਦਰਦੀ ਪ੍ਰਗਟ ਕਰਦੀ ਹੈ। ਅਸੀਂ ਉਨ੍ਹਾਂ ਹੋਟਲ ਕਰਮਚਾਰੀਆਂ, ਰੇਲ ਕਰਮਚਾਰੀਆਂ ਅਤੇ ਲੋਕਾਂ ਨੂੰ ਸਲਾਮ ਕਰਦੇ ਹਾਂ, ਜਿਨ੍ਹਾਂ ਨੇ ਦੂਸਰਿਆਂ ਦੀਆਂ ਜਾਨਾਂ ਬਚਾਉਣ ਲਈ ਖੁਦ ਨੂੰ ਜ਼ੋਖਮ 'ਚ ਪਾਇਆ ਸੀ।

ਅਲੱਗ-ਅਲੱਗ ਤੰਗ ਨਜ਼ਰੀਏ ਵਾਲੇ ਰਾਜਨੀਤਕ ਗੁੱਟ, ਤਰ੍ਹਾਂ-ਤਰ੍ਹਾਂ ਦੇ ਇਲਜਾਮ ਲਗਾ ਰਹੇ ਹਨ। ਕੁਛ ਕਹਿ ਰਹੇ ਹਨ ਕਿ ਡੇਕਨ ਮੁਜ਼ਾਹਿਦੀਨ ਨਾਮਕ ਇੱਕ ਨਵਾਂ ਗਿਰੋਹ ਇਸ ਲਈ ਜਿਮੇਵਾਰ ਹੈ। ਕੁਝ ਹੋਰ ਕਹਿ ਰਹੇ ਹਨ ਕਿ ਲਸ਼ਕਰ-ਏ-ਤਈਬਾ ਜਾਂ ਪਾਕਿਸਤਾਨ ਮੂਲ ਦਾ ਕੋਈ ਗਿਰੋਹ ਇਸਦੇ ਪਿੱਛੇ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਹ ਅਲ-ਕਾਇਦਾ ਦਾ ਕੰਮ ਹੈ। ਸਾਨੂੰ ਇਸ ਪ੍ਰਚਾਰ ਦਾ ਸ਼ਿਕਾਰ ਨਹੀਂ ਬਣਨਾ ਚਾਹੀਦਾ। ਸਾਨੂੰ ਠੰਡੇ ਦਿਮਾਗ ਅਤੇ ਗੰਭੀਰਤਾ ਨਾਲ ਇਨ੍ਹਾਂ ਦਾਵਿਆਂ ਤੇ ਗੌਰ ਕਰਨਾ ਚਾਹੀਦਾ ਹੈ, ਇਨ੍ਹਾਂ ਬਾਰੇ ਸਵਾਲ ਉਠਾਉਣੇ ਚਾਹੀਦੇ ਹਨ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਹਮਲਿਆਂ ਨੂੰ ਕਿਸ ਨੇ ਪ੍ਰੇਰਿਤ ਕੀਤਾ ਹੈ। ਵਕਤ ਹੈ ਠੰਡੇ ਦਿਮਾਗ ਨਾਲ ਸੋਚਣ ਦਾ ਕਿ ਇਸ ਤੋਂ ਕਿਸਨੂੰ ਫਾਇਦਾ ਹੋਏਗਾ।

ਠੰਡੇ ਦਿਮਾਗ ਅਤੇ ਗੰਭੀਰਤਾ ਨਾਲ ਸੋਚਣ ਦਾ ਮਤਲਬ ਹੈ ਆਪਣੇ-ਆਪ ਤੋਂ ਇਹ ਸਵਾਲ ਪੁੱਛਣਾ ਕਿ ਇਸ ਵਕਤ ਮੁੰਬਈ ਅੰਦਰ ਇਨ੍ਹਾਂ ਦਹਿਸ਼ਤੀ ਹਮਲਿਆਂ ਤੋਂ ਕਿਸ ਨੂੰ ਫਾਇਦਾ ਹੈ। ਇਹ ਸਵਾਲ ਇਸ ਲਈ ਕਿਉਂਕਿ ਅਸਲੀ ਅਯੋਜਕ ਉਹੀ ਹੋਣਗੇ ਜਿਨ੍ਹਾਂ ਨੂੰ ਇਸਤੋਂ ਫਾਇਦਾ ਹੈ।

ਇਸ ਸੰਦਰਭ ਵਿੱਚ ਇਹ ਗੰਭੀਰਤਾ-ਪੂਰਵਕ ਸੋਚਣਾ ਹੋਏਗਾ ਕਿ 11 ਸਤੰਬਰ 2001 'ਚ, ਨਿਯੂ ਯਾਰਕ ਅਤੇ ਵਾਸ਼ਿੰਗਟਨ ਉਤੇ ਹੋਏ ਦਹਿਸ਼ਤੀ ਹਮਲਿਆਂ ਤੋਂ ਕਿਸਨੂੰ ਫਾਇਦਾ ਹੋਇਆ।

ਅਮਰੀਕਾ ਦੇ ਹਾਕਮਾਂ ਨੇ 11 ਸਤੰਬਰ 2001 ਦੇ ਦਹਿਸ਼ਤੀ ਹਮਲੇ ਦਾ ਇਸਤੇਮਾਲ ਕਰਕੇ, ਦਹਿਸ਼ਤਵਾਦ ਦਾ ਹਊਆ ਖੜਾ ਕੀਤਾ, ਅਤੇ ਅਫਗਾਨਿਸਤਾਨ ਅਤੇ ਇਰਾਕ ਦੇ ਖਿਲਾਫ ਜੰਗ ਛੇੜਕੇ ਉਨ੍ਹਾਂ ਉਤੇ ਕਬਜ਼ਾ ਕਰਨ ਲਈ "ਰਜ਼ਾਮੰਦ ਦੇਸ਼ਾਂ ਦਾ ਗਠਬੰਧਨ" ਬਣਾਇਆ। ਏਸ਼ੀਆ ਅੰਦਰ ਅਮਰੀਕਾ ਦੀ ਸੈਨਕ ਮੌਜੂਦਗੀ ਅਤੇ ਘੁਸਪੈਠ ਬੇਹੱਦ ਵਧ ਗਈ। 11ਸਤੰਬਰ 2001 ਦੀਆਂ ਘਟਨਾਵਾਂ ਤੋਂ, ਸਭ ਤੋਂ ਵੱਧ ਫਾਇਦਾ ਅਮਰੀਕੀ ਸਾਮਰਾਜਵਾਦ ਨੂੰ ਹੋਇਆ। ਦਹਿਸ਼ਤਵਾਦ ਨਾਲ ਲੜਨ ਦੇ ਨਾਂ ਹੇਠ, ਅਮਰੀਕੀ ਸਰਕਾਰ ਨੇ ਜਮਹੂਰੀ ਅਧਿਕਾਰਾਂ ਅਤੇ ਸ਼ਹਿਰੀ ਅਜ਼ਾਦੀਆਂ ਦਾ ਘਾਣ ਕੀਤਾ।

ਹਿੰਦੋਸਤਾਨ ਦੀ ਹੁਕਮਰਾਨ ਪੂੰਜੀਪਤੀ ਜਮਾਤ 26-28 ਨਵੰਬਰ ਦੇ ਹਮਲਿਆਂ ਦਾ ਇਸਤੇਮਾਲ ਕਰਕੇ, ਆਪਣੀਆਂ ਦੋਨਾਂ ਮੁੱਖ ਪਾਰਟੀਆਂ ਕਾਂਗਰਸ ਅਤੇ ਭਾਜਪਾ ਨੂੰ ਇੱਕ-ਦੂਜੇ ਦੇ ਨੇੜੇ ਲਿਆਉਣ ਅਤੇ ਅਖੌਤੀ "ਦਹਿਸ਼ਤਵਾਦ ਵਿਰੁੱਧ ਜੰਗ" ਵਿੱਚ ਲੋਕਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ, ਇਨ੍ਹਾਂ ਪਾਰਟੀਆਂ ਦੇ ਪਿੱਛੇ ਲਾਮਬੰਦ ਕਰਨ ਦੀ ਕੋਸ਼ਿਸ਼ ਕਰੇਗੀ। ਪਿਛਲੇ ਦਿਨੀਂ, ਪੁਲਸ, ਅਰਧ-ਫੌਜੀ ਬਲਾਂ ਅਤੇ ਫੌਜੀ ਤੰਤਰ ਤੋਂ ਲੋਕਾਂ ਦਾ ਭਰੋਸਾ ਹਟਣ ਲਗ ਪਿਆ ਸੀ, ਕਿਉਂਕਿ ਉਨ੍ਹਾਂ ਦੇ

ਬਾਕੀ ਸਫਾ 5 'ਤੇ

## ਦੱਖਣੀ ਏਸ਼ੀਆ 'ਚ ਅਮਨ...

ਸਫਾ 2 ਦੀ ਬਾਕੀ

ਦੁਨੀਆਂ ਉਤੇ ਰੋਅਬ ਜਮਾਉਣ ਲਈ, ਏਸ਼ੀਆ ਉਤੇ ਕਬਜਾ ਕਰਨਾ ਜਰੂਰੀ ਸਮਝਦਾ ਹੈ। ਇਰਾਨ ਨੂੰ ਘੇਰਨ ਲਈ, ਤੇਲ ਅਤੇ ਗੈਸ ਭਰਪੂਰ ਮੱਧ-ਏਸ਼ੀਆਈ ਦੇਸ਼ਾਂ ਅੰਦਰ ਵਧੇਰੇ ਗਹਿਰਾਈ ਤਕ ਘੁਸਣ ਲਈ ਅਤੇ ਇਸ ਇਲਾਕੇ ਅੰਦਰ ਰੂਸ ਦੇ ਪ੍ਰਭਾਵ ਨੂੰ ਵਧਣ ਤੋਂ ਰੋਕਣ ਲਈ, ਅਮਰੀਕਾ ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਪੱਛਮੀ ਸੂਬਿਆਂ ਉਤੇ ਆਪਣਾ ਕਬਜ਼ਾ ਜਮਾਉਣਾ ਜਰੂਰੀ ਸਮਝਦਾ ਹੈ।

ਅਫਗਾਨਿਸਤਾਨ ਅਤੇ ਇਰਾਕ ਉਤੇ ਨਜ਼ਾਇਜ਼ ਅਮਰੀਕੀ ਹਮਲੇ ਅਤੇ ਕਬਜ਼ੇ ਦੇ ਖਿਲਾਫ, ਏਸ਼ੀਆ ਦੇ ਲੋਕਾਂ ਦਾ ਵਿਰੋਧ ਵਧਦਾ ਅਤੇ ਫੈਲਦਾ ਜਾ ਰਿਹਾ ਹੈ। ਇਸ ਹਾਲਤ ਵਿੱਚ ਅਮਰੀਕੀ ਸਾਮਰਾਜਵਾਦ ਨਵੀਆਂ ਤਰਕੀਬਾਂ ਅਪਣਾ ਰਿਹਾ ਹੈ। ਓਬਾਮਾ ਨੂੰ ਬੁੱਸ਼ ਤੋਂ ਬਾਅਦ ਸੱਤਾ ਨੂੰ ਅੱਗੇ ਚਲਾਉਣ ਲਈ ਤਿਆਰ ਕੀਤਾ ਜਾ ਰਿਹਾ ਹੈ। ਅਗਲੀ ਅਮਰੀਕਾ-ਨੀਤ ਸੈਨਿਕ ਮੁਹਿੰਮ ਤੋਂ ਪਹਿਲਾਂ ਇੱਕ ਅੰਤਰਰਾਸ਼ਟਰੀ ਗਠਬੰਧਨ" ਬਣਾਉਣ ਦੀ ਜਿਮੇਵਾਰੀ, ਓਬਾਮਾ ਨੂੰ ਦਿੱਤੀ ਗਈ ਹੈ। ਮੁੰਬਈ ਵਿੱਚ ਹੋਇਆ "ਦਹਿਸ਼ਤਵਾਦੀ" ਹਮਲਾ, ਇਸ ਉਦੇਸ਼ ਨੂੰ ਪੂਰਾ ਕਰਦਾ ਹੈ, ਕਿਉਂਕਿ ਸਾਰੀ ਦੁਨੀਆਂ ਦੇ ਸਰਮਾਏਦਾਰ ਆਪਣੇ ਅਧਿਕਤਮ ਮੁਨਾਫਿਆਂ ਲਈ ਹਿੰਦੋਸਤਾਨ ਨੂੰ ਇੱਕ ਸੁਰੱਖਿਅਤ ਜਗ੍ਹਾ ਬਣਾਉਣਾ ਚਾਹੁੰਦੇ ਹਨ। ਅਮਰੀਕੀ ਸਾਮਰਾਜਵਾਦੀਏ ਆਪਣੀ ਇਸ ਕੂਟ ਯੋਜਨਾ ਵਿੱਚ ਹਿੰਦੋਸਤਾਨੀ ਸਰਮਾਏਦਾਰਾਂ ਦੇ ਸਹਿਯੋਗ ਦੀ ਉਮੀਦ ਕਰ ਰਹੇ ਹਨ।

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਹਿੰਦੋਸਤਾਨ ਦੇ ਸੱਭ ਅਮਨ-ਪਸੰਦ ਲੋਕਾਂ ਨੂੰ ਸੱਦਾ ਦਿੰਦੀ ਹੈ ਕਿ ਇਸ ਇਲਾਕੇ ਨੂੰ ਜੰਗ ਵਿੱਚ ਫਸਾਉਣ ਦੀਆਂ ਅਮਰੀਕੀ ਸ਼ਾਜਿਸ਼ਾਂ ਦੇ ਖਿਲਾਫ ਅਵਾਜ਼ ਉਠਾਓ! ਸਾਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਹਿੰਦੋਸਤਾਨ ਦੀ ਸਰਕਾਰ, ਅਮਰੀਕੀ ਖੁਫੀਆ ਏਜੰਸੀਆਂ ਨਾਲ ਸਾਂਠ-ਗਾਂਠ ਕਰਨਾ ਤੁਰੰਤ ਬੰਦ ਕਰੇ ਅਤੇ ਪਾਕਿਸਤਾਨ ਦੇ ਖਿਲਾਫ ਜੰਗ-ਫਿਰੋਸ਼ੀ ਬੰਦ ਕਰੇ !

ਪਾਕਿਸਤਾਨ ਅਤੇ ਅਫਗਾਨਿਸਤਾਨ ਵਿੱਚ ਸਾਡੇ ਭਰਾਵਾਂ ਅਤੇ ਭੈਣਾਂ ਉਤੇ ਅੱਜ ਗੰਭੀਰ ਖਤਰਾ ਮੰਡਲਾ ਰਿਹਾ ਹੈ। ਆਪਣੀ ਧਰਤੀ ਦੇ ਕਿਸੇ ਵੀ ਹਿੱਸੇ ਵਿੱਚ ਕਿਸੇ ਭੀ ਕਿਸਮ ਦੀ ਸਾਮਰਾਜਵਾਦੀ ਦਖਲ-ਅੰਦਾਜ਼ੀ ਅਤੇ ਕਬਜੇ ਦੇ ਖਿਲਾਫ ਸਾਨੂੰ ਪਾਕਿਸਤਾਨ, ਅਫਗਾਨਿਸਤਾਨ ਅਤੇ ਦੱਖਣ ਏਸ਼ੀਆ ਦੇ ਸੱਭ ਲੋਕਾਂ ਨੂੰ ਮੋਢੇ ਨਾਲ ਮੋਢਾ ਜੋੜ ਕੇ ਖੜੇ ਹੋਣਾ ਚਾਹੀਦਾ ਹੈ। ਸਾਨੂੰ, ਦੱਖਣੀ ਏਸ਼ੀਆ 'ਚੋਂ ਅਮਰੀਕੀ ਸਾਮਰਾਜਵਾਦ, ਉਸਦੀਆਂ ਫੌਜਾਂ ਅਤੇ ਖੁਫੀਆ ਦਲਾਵਾਂ ਨੂੰ ਖਦੇੜ ਸੁੱਟਣ ਲਈ, ਇੱਕ-ਜੁੱਟ ਹੋਕੇ ਕੰਮ ਕਰਨਾ ਚਾਹੀਦਾ ਹੈ। ■

# ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਨਤੀਜੇ—ਬਦਲਾਅ ਦੀ ਸਖਤ ਜਰੂਰਤ!

ਦਿੱਲੀ, ਰਾਜਸਥਾਨ, ਮਧਪ੍ਰਦੇਸ਼, ਛੱਤੀਸਗੜ੍ਹ ਅਤੇ ਮੀਜ਼ੋਰਾਮ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਨਤੀਜੇ ਐਲਾਨੇ ਜਾ ਚੁੱਕੇ ਹਨ। ਕਾਂਗਰਸ ਪਾਰਟੀ ਨੇ ਦਿੱਲੀ ਅਤੇ ਮੀਜ਼ੋਰਾਮ ਵਿੱਚ ਜਿੱਤ ਪ੍ਰਾਪਤ ਕੀਤੀ, ਅਤੇ ਰਾਜਸਥਾਨ 'ਚ ਉਹ ਸੱਭ ਤੋਂ ਵੱਡੀ ਪਾਰਟੀ ਬਤੌਰ ਅੱਗੇ ਆਈ। ਮਧ-ਪ੍ਰਦੇਸ਼ ਅਤੇ ਛੱਤੀਸਗੜ੍ਹ ਅੰਦਰ ਭਾਜਪਾ ਦੀ ਸੱਤਾ ਬਣੀ ਰਹੀ।

ਸਾਰੇ ਪੰਜ ਸੂਬਿਆਂ 'ਚ ਹੁਕਮਰਾਨ ਪਾਰਟੀਆਂ ਨੂੰ ਮਿਲੀਆਂ ਵੋਟਾਂ ਦਾ ਹਿੱਸਾ ਘਟ ਗਿਆ ਹੈ। ਉਨ੍ਹਾਂ ਰਾਜਾਂ 'ਚ ਭੀ ਅਜੇਹਾ ਹੀ ਹੋਇਆਂ ਹੈ ਜਿਨ੍ਹਾਂ 'ਚ ਸ਼ਾਸਕ ਪਾਰਟੀ ਫਿਰ ਤੋਂ ਸੱਤਾ 'ਚ ਆ ਗਈ ਹੈ। ਇਸ ਪੱਖੋਂ ਦੇਖਿਆ ਜਾਵੇ ਤਾਂ ਇਨ੍ਹਾਂ ਚੋਣ ਨਤੀਜਿਆਂ ਵਿੱਚ ਕਾਂਗਰਸ ਪਾਰਟੀ ਜਾਂ ਭਾਜਪਾ ਦੇ ਲਈ ਖੁਸ਼ ਹੋਣ ਦਾ ਜ਼ਿਆਦਾ ਕਾਰਨ ਨਹੀਂ ਹੈ। ਜਿਵੇਂ ਕਿ ਇਹ ਪਾਰਟੀਆਂ ਜਾਂ ਤਰ੍ਹਾਂ-ਤਰ੍ਹਾਂ ਦੇ ਵਿਸ਼ਲੇਸ਼ਕ ਕਹਿ ਰਹੇ ਹਨ। ਸ਼ੁਰੂਆਤੀ ਅਨੁਮਾਨਾ ਤੋਂ ਪਤਾ ਲੱਗਦਾ ਹੈ ਕਿ ਛੱਤੀਸਗੜ, ਮਧ-ਪ੍ਰਦੇਸ਼, ਦਿੱਲੀ ਅਤੇ ਰਾਜਸਥਾਨ ਅੰਦਰ ਕਾਂਗਰਸ ਅਤੇ ਭਾਜਪਾ ਦੇ ਉਮੀਦਵਾਰਾਂ ਨੂੰ ਛੱਡਕੇ, ਦੂਸਰੇ ਉਮੀਦਵਾਰਾਂ ਨੂੰ ਵੋਟਾਂ ਦੇਣ ਵਾਲਿਆਂ ਦੀ ਗਿਣਤੀ 20 ਤੋਂ 30 ਪ੍ਰਤੀਸ਼ਤ ਸੀ। ਇਹ ਕੋਈ ਛੋਟਾ ਹਿੱਸਾ ਨਹੀਂ ਹੈ, ਜਦੋਂ ਅਸੀ ਦੇਖਦੇ ਹਾਂ ਕਿ ਇਨ੍ਹਾਂ ਸੂਬਿਆਂ 'ਚ ਕੋਈ ਮਜਬੂਤ ਖੇਤਰੀ ਪਾਰਟੀ ਨਹੀਂ ਹੈ ਅਤੇ ਹਰੇਕ ਚੋਣ ਵਿੱਚ ਏਥੇ ਮੁੱਖ ਟੱਕਰ ਕਾਂਗਰਸ ਅਤੇ ਭਾਜਪਾ ਵਿਚਕਾਰ ਹੀ ਹੁੰਦੀ ਹੈ। ਕਾਂਗਰਸ ਅਤੇ ਭਾਜਪਾ ਦੇ ਉਮੀਦਵਾਰਾਂ ਨੂੰ ਛੱਡਕੇ, ਦੂਸਰੇ ਉਮੀਦਵਾਰਾਂ ਦੀ ਝੋਲੀ 'ਚ ਏਨੇ ਸਾਰੇ ਵੋਟ ਜਾਣਾ ਇਹ ਦਿਖਾਉਂਦਾ ਹੈ ਕਿ ਲੋਕ ਯਥਾਸਥਿਤੀ ਦਾ ਕੋਈ ਬਦਲਾਅ ਤਲਾਸ਼ ਰਹੇ ਹਨ।

ਇਹ ਚੋਣਾਂ ਇੱਕ ਐਸੇ ਵਕਤ ਹੋਈਆਂ, ਜਦ ਅਧਿਕਤਰ ਲੋਕ ਆਪਣੀਆਂ ਵਿਗੜਦੀਆਂ ਆਰਥਿਕ ਹਾਲਤਾਂ ਅਤੇ ਵਧਦੀ ਅਸੁਰੱਖਿਆ ਦੀ ਵਜ੍ਹਾ ਕਰਕੇ ਬਹੁਤ ਅਸੰਤੁਸ਼ਟ ਹਨ। ਲੋਕ, ਸੱਤਾ 'ਤੇ ਬੈਠੇ ਸ਼ਾਸਕਾਂ ਤੋਂ ਬਹੁਤ ਖਫਾ ਹਨ। ਪ੍ਰੰਤੂ, ਇਨ੍ਹਾਂ ਚੋਣਾਂ ਤੋਂ ਬਾਅਦ ਇਨ੍ਹਾਂ ਪੰਜਾਂ ਸੂਬਿਆਂ ਵਿੱਚ ਫਿਰ ਤੋਂ ਕਾਂਗਰਸ ਪਾਰਟੀ ਜਾਂ ਭਾਜਪਾ ਦੀਆਂ ਹੀ ਸਰਕਾਰਾਂ ਬਣੀਆਂ, ਜਿਸਤੋਂ ਵਰਤਮਾਨ ਰਾਜਨੀਤਕ ਵਿਵਸਥਾ ਅਤੇ ਚੋਣ ਪ੍ਰੀਕ੍ਰਿਆ ਦਾ ਅਸਲੀ ਚਰਿਤਰ ਫਿਰ ਇੱਕ ਬਾਰ ਖੁਲ੍ਹਕੇ ਸਾਹਮਣੇ ਆਉਂਦਾ ਹੈ। ਇਸ ਵਿਵਸਥਾ ਅੰਦਰ ਚੋਣਾਂ, ਲੋਕਾਂ ਦੀ ਇੱਛਾ ਨੂੰ ਸਥਾਪਿਤ ਕਰਨ ਦਾ ਤੰਤਰ ਨਹੀਂ ਹਨ। ਬਲਕਿ, ਚੋਣਾਂ ਦੇ ਜ਼ਰੀਏ ਪੂੰਜੀਪਤੀ ਇਹ ਚੁਣਦੇ ਹਨ ਕਿ ਇਸ ਵਕਤ ਉਨ੍ਹਾਂ ਦੀਆਂ ਸੱਭ ਪਾਰਟੀਆਂ ਵਿੱਚੋਂ ਕਿਹੜੀ ਪਾਰਟੀ ਪੂੰਜੀਪਤੀਆਂ ਦੀ ਸੇਵਾ ਕਰਨ ਅਤੇ ਨਾਲੋ-ਨਾਲ ਲੋਕਾਂ ਨੂੰ ਉੱਲੂ ਬਣਾਉਣ ਦਾ ਕੰਮ, ਸੱਭ ਤੋਂ ਬੇਹਤਰੀਨ ਤਰੀਕੇ ਨਾਲ ਕਰ ਸਕਦੀ ਹੈ।

ਇਹ ਚੋਣਾਂ ਐਸੇ ਸਮੇਂ ਤੇ ਹੋਈਆਂ, ਜਦ ਪੂਰੇ ਦੇਸ਼ ਅੰਦਰ ਦਹਿਸ਼ਤਵਾਦੀ ਕਤਲੇਆਮ ਵਧ ਰਹੇ ਹਨ। ਦਿੱਲੀ ਅਤੇ ਰਾਜਸਥਾਨ ਦੀਆਂ ਚੋਣਾਂ ਤੋਂ ਕੁੱਝ ਹੀ ਦਿਨ ਪਹਿਲਾਂ, ਮੁੰਬਈ 'ਚ ਦਹਿਸ਼ਤਵਾਦੀ ਹਮਲੇ ਹੋਏ। ਪੂੰਜੀਪਤੀਆਂ ਦੀਆਂ ਦੋਨਾਂ ਮੁੱਖ ਪਾਰਟੀਆਂ ਨੇ ਬੜੇ ਜ਼ੋਰ-ਸ਼ੋਰ ਨਾਲ ਮੁਹਿੰਮ ਚਲਾਈ, ਇਹ ਸਾਬਤ ਕਰਨ ਲਈ ਕਿ ਕੌਣ ਦਹਿਸ਼ਤਵਾਦ ਦੇ ਖਿਲਾਫ ਬੇਹਤਰ ਲੜਾਈ ਕਰ ਸਕਦੀ ਹੈ।

ਇਹ ਸਪੱਸ਼ਟ ਹੈ ਕਿ ਆਉਣ ਵਾਲੇ ਦਿਨ੍ਹਾਂ ਅੰਦਰ, ਆਮ ਚੋਣਾਂ ਦੀ ਤਿਆਰੀ ਕਰਦੇ ਹੋਏ, ਪੂੰਜੀਪਤੀ ਅਤੇ ਉਨ੍ਹਾਂ ਦਾ ਮੀਡੀਆ ਇਸੇ ਪ੍ਰਚਾਰ ਨੂੰ ਫੈਲਾਏਗਾ ਕਿ "ਦਹਿਸ਼ਤਵਾਦ ਨਾਲ ਲੜਨ" ਲਈ "ਕਾਂਗਰਸ ਪਾਰਟੀ ਜਾਂ ਭਾਜਪਾ ਦਾ ਕੋਈ ਬਦਲਾਅ ਨਹੀਂ" ਹੈ। ਜਿਵੇਂ-ਜਿਵੇਂ ਆਰਥਿਕ ਸੰਕਟ ਦਾ ਅਸਰ ਹੋਰ ਗਹਿਰਾ ਹੁੰਦਾ ਜਾਵੇਗਾ, ਤਿਵੇਂ-ਤਿਵੇਂ ਹੁਕਮਰਾਨ ਜਮਾਤ ਆਪਣੇ ਹਿੱਤਾਂ ਨੂੰ ਸੁਨਿਸਚਿਤ ਕਰਨ ਲਈ ਆਪਾਤਕਾਲੀਨ ਕਦਮਾਂ ਦੀ ਮੰਗ ਕਰੇਗੀ। ਉਹ ਤਰ੍ਹਾਂ-ਤਰ੍ਹਾਂ ਦੀਆਂ ਭਟਕਾਊਵਾਦੀ ਹਰਕਤਾਂ ਅਯੋਜਿਤ ਕਰੇਗੀ, ਤਾਂਕਿ ਮਿਹਨਤਕਸ਼ ਲੋਕ ਸਰਗਰਮੀ ਨਾਲ ਬਦਲਾਅ ਦੀ ਤਲਾਸ਼ ਨਾ ਕਰ ਸਕਣ। ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਵੱਡੇ ਪੂੰਜੀਪਤੀਆਂ ਨੂੰ ਹੋਰ ਰਿਆਇਤਾਂ ਦਿੱਤੀਆਂ ਜਾਣਗੀਆਂ, ਅਤੇ ਵਧੇਰੇ ਦਹਿਸ਼ਤਵਾਦੀ ਹਮਲੇ ਅਯੋਜਿਤ ਕੀਤੇ ਜਾਣਗੇ, ਅਤੇ ਜਿਆਦਾ ਫਿਰਕੂ ਪਾੜੇ ਪਾਏ ਜਾਣਗੇ ਅਤੇ ਅਮਰੀਕਾ ਨਾਲ ਗੰਢ-ਸੰਢ ਕਰਕੇ ਪਾਕਿਸਤਾਨ ਦੇ ਖਿਲਾਫ ਜੰਗ ਦੀਆਂ ਤਿਆਰੀਆਂ ਵਧਾ ਦਿੱਤੀਆਂ ਜਾਣਗੀਆਂ।

ਕੁੱਝ ਹੀ ਮਹੀਨਿਆਂ ਅੰਦਰ, ਲੋਕ ਸਭਾ ਲਈ ਚੋਣਾਂ ਹੋਣ ਵਾਲੀਆਂ ਹਨ ਅਤੇ ਸੱਭ ਪਾਰਟੀਆਂ, ਆਪਣੇ ਆਪਣੇ ਸਬਕ ਲੈਕੇ ਉਸ ਲਈ ਤਿਆਰੀਆਂ ਸ਼ੁਰੂ ਕਰਨਗੀਆਂ। ਕਮਿਉਨਿਸਟਾਂ ਨੂੰ ਗੰਭੀਰਤਾ ਨਾਲ ਸੋਚਣਾ ਪਏਗਾ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਇਸ ਸਥਿਤੀ ਵਿੱਚ ਕਮਿਉਨਿਸਟਾਂ ਦਾ ਸੰਯੁਕਤ ਜਵਾਬ ਕੀ ਹੋਣਾ ਚਾਹੀਦਾ ਹੈ, ਕੀ ਹੋ ਸਕਦਾ ਹੈ?

ਸਰਮਾਏਦਾਰਾਂ ਦੀਆਂ ਪਾਰਟੀਆਂ ਜੋ ਪੂੰਜੀਵਾਦੀ ਸੁਧਾਰ ਪ੍ਰੋਗਰਾਮ ਲਾਗੂ ਕਰਨ ਲਈ ਬਚਨਬਧ ਹਨ, ਜੋ ਹਿੰਦੋਸਤਾਨ-ਅਮਰੀਕਾ ਰਣਨੀਤਕ ਗਠਜੋੜ ਅਤੇ ਪਾਕਿਸਤਾਨ ਦੇ ਖਿਲਾਫ ਜੰਗ ਦੀਆਂ ਤਿਆਰਆਂ ਦੇ ਪੱਖ ਵਿੱਚ ਕੰਮ ਕਰਨ ਲਈ ਬਚਨਬਧ ਹਨ, ਉਨ੍ਹਾਂ ਦੇ ਸ਼ਾਸਨ ਦੇ ਬਦਲਾਅ ਦੀ ਰਚਨਾ ਕਰਨਾ ਸੱਭ ਤੋਂ ਅਹਿਮ ਜਰੂਰਤ ਹੈ। ਕਮਿਉਨਿਸਟਾਂ ਨੂੰ ਉਸ ਬਦਲਾਅ ਦੀ ਰਚਨਾ ਕਰਨ 'ਚ ਆਗੂ ਭੂਮਿਕਾ ਨਿਭਾਉਣੀ ਪਏਗੀ, ਬਹਾਦਰੀ ਨਾਲ ਉਸਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰਨਾ ਪਵੇਗਾ ਅਤੇ ਉਹਦੇ ਸਮਰਥਨ 'ਚ ਲੋਕਾਂ ਨੂੰ ਲਾਮਬੰਦ ਕਰਨਾ ਪਏਗਾ।

ਇਨ੍ਹਾਂ ਸੂਬਾਈ ਵਿਧਾਨ ਸਭਾਵਾਂ ਦੀਆਂ ਚੋਣਾਂ ਵਿੱਚ, ਹਿੰਦੋਸਤਾਨ ਦੀ ਗ਼ਦਰ ਪਾਰਟੀ ਨੇ ਮਿਹਨਤਕਸ਼ ਲੋਕਾਂ ਨੂੰ ਆਪਣੇ ਮਹੱਲਿਆਂ, ਪਿੰਡਾਂ ਅਤੇ ਕੰਮ ਦੀਆਂ ਥਾਵਾਂ ਤੇ, ਆਪਣੇ ਹੀ ਵਿਚੋਂ ਉਮੀਦਵਾਰ ਚੁਣਕੇ ਖੜੇ ਕਰਨ ਲਈ ਸੰਗਠਿਤ ਕੀਤਾ। ਪਾਰਟੀ ਨੇ ਉਨ੍ਹਾਂ ਉਮੀਦਵਾਰਾਂ ਨੂੰ, ਕੰਪਣੀਆਂ ਦੇ ਮੁਨਾਫਿਆਂ ਦੀ ਰੱਖਿਆ ਕਰਨ ਦੀ ਬਜਾਇ, ਮਿਹਨਤਕਸ਼ਾਂ ਦੀ ਰੋਜ਼ੀ-ਰੋਟੀ ਅਤੇ ਅਧਿਕਾਰਾਂ ਦੀ ਰੱਖਿਆ ਕਰਨ ਦੇ ਠੋਸ ਕਦਮਾਂ ਵਾਲਾ ਪ੍ਰੋਗਰਾਮ ਪੇਸ਼ ਕਰਨ ਵਿੱਚ ਮੱਦਦ ਦਿੱਤੀ। ਲੋਕਾਂ ਦੁਆਰਾ ਚੁਣੇ ਗਏ ਇਨ੍ਹਾਂ ਉਮੀਦਵਾਰਾਂ ਨੇ, ਮੱਤਦਾਤਾਵਾਂ ਨੂੰ ਆਪਣੇ ਕੰਮ ਦਾ ਹਿਸਾਬ ਦੇਣ ਅਤੇ ਵਾਪਸ ਬੁਲਾਏ ਜਾਣ ਤੇ ਆਪਣਾ ਪੱਦ ਛੱਡਣ ਦਾ ਵਾਅਦਾ ਕੀਤਾ। ਆਪਣੇ-ਆਪਣੇ ਇਲਾਕਿਆਂ ਵਿੱਚ ਕਿਸ ਤਰ੍ਹਾਂ ਦਾ ਵਿਕਾਸ ਹੋਵੇ ਅਤੇ ਜਨਤਾ ਦਾ ਧੰਨ ਕਿਸ ਤਰ੍ਹਾਂ ਖਰਚ ਕੀਤਾ ਜਾਵੇ, ਇਸ ਬਾਰੇ ਜਨਤਾ ਨੂੰ ਖੁਦ ਫੈਸਲਾ ਲੈਣ ਦਾ ਅਧਿਕਾਰ ਹੋਣਾ ਚਾਹੀਦਾ ਹੈ ਇਸ ਵਿਸ਼ੇ ਉਤੇ ਇਨ੍ਹਾਂ ਉਮੀਦਵਾਰਾਂ ਨੇ ਇੱਕ ਮੁਹਿੰਮ ਚਲਾਈ।

ਲੋਕ ਸੰਮਤੀਆਂ ਦੁਆਰਾ ਖੁਦ ਚੁਣਕੇ ਉਮੀਦਵਾਰ ਖੜੇ ਕਰਨ ਦੀ ਇਸ ਮੁਹਿੰਮ ਨੂੰ ਲੋਕਾਂ ਨੇ ਬੇਹੱਦ ਪਸੰਦ ਕੀਤਾ। ਪ੍ਰੰਤੂ ਇਹ ਮਾਤਰ ਸ਼ੁਰੂਆਤ ਹੈ। ਅੱਗੇ ਹੋਰ ਬਹੁਤ ਕੰਮ ਹੈ। ਜਨਤਾ ਅਤੇ ਲੋਕ ਸੰਮਤੀਆਂ ਦੁਆਰਾ ਚੁਣੇ ਗਏ ਕੁਛ ਉਮੀਦਵਾਰ ਇਨ੍ਹਾਂ ਚੋਣਾਂ ਵਿੱਚ ਬਾ-ਇੱਜ਼ਤ ਦੂਸਰੇ ਉਮੀਦਵਾਰਾਂ

ਬਾਕੀ ਸਫਾ 10 'ਤੇ

# ਹਿੰਦੁਸਤਾਨ ਅੰਦਰ ਅੱਤਵਾਦ ਦਾ ਸ੍ਰੋਤ ਕੀ ਹੈ?

ਦੱਖਣੀ ਅਸਾਮ ਦੇ ਕੋਕ੍ਰਾਝਾਰ, ਬਾਰਪੇਟਾ ਰੋੜ ਤੇ ਬੋਂਗਾਇਗਾਂਵ 'ਚ 30 ਅਕਤੂਬਰ ਨੂੰ ਜਨ-ਸੰਹਾਰ ਦੇ ਇਕ ਹੋਰ ਕਾਂਡ 'ਚ 75 ਤੋਂ ਜ਼ਿਆਦਾ ਲੋਕ ਮਾਰੇ ਗਏ। ਇਸ ਤੋਂ ਪਹਿਲਾਂ, ਇਸੇ ਵਰ੍ਹੇ ਇੰਫਾਲ, ਕਾਨਪੁਰ, ਮਾਲੇਗਾਂਵ, ਮੋਡਾਸਾ, ਨਵੀਂ ਦਿੱਲੀ, ਅਹਿਮਦਾਬਾਦ, ਬੰਗਲੋਰ ਤੇ ਜੈਪੁਰ 'ਚ ਬੰਬ ਵਿਸਫੋਟ ਹੋਏ ਸਨ। ਬੀਤੇ 6 ਵਰ੍ਹਿਆਂ ਤੋਂ ਦੇਸ਼ ਦੇ ਅਲਗ-ਅਲਗ ਸ਼ਹਿਰਾਂ 'ਚ ਬੰਬ ਵਿਸਫੋਟ ਹੋਏ ਹਨ।

ਹਰ ਇਕ ਇਸ ਤਰ੍ਹਾਂ ਦੇ ਕਾਂਡ ਦੇ ਬਾਅਦ ਜੋ ਸਰਕਾਰੀ ਪ੍ਰਚਾਰ ਫੈਲਾਇਆ ਜਾਂਦਾ ਹੈ, ਉਸ 'ਚ ਤਰ੍ਹਾਂ-ਤਰ੍ਹਾਂ ਦੇ 'ਅੱਤਵਾਦੀ ਗਿਰੋਹਾਂ' ਨੂੰ ਉਸ ਦੇ ਲਈ ਦੋਸ਼ੀ ਦੱਸਿਆ ਜਾਂਦਾ ਹੈ। ਤਰ੍ਹਾਂ-ਤਰ੍ਹਾਂ ਦੇ ਸੰਗਠਨਾਂ ਦੇ ਅਸਲੀ ਜਾਂ ਨਕਲੀ ਨਾਂਅ ਦੱਸੇ ਜਾਂਦੇ ਹਨ। ਇਹ ਦੱਸਿਆ ਜਾਂਦਾ ਹੈ ਕਿ ਕਿਸ ਤਰ੍ਹਾਂ ਦੇ ਵਿਸਫੋਟਕ ਇਸਤੇਮਾਲ ਕੀਤੇ ਗਏ, ਕਿਸ ਤਰ੍ਹਾਂ ਦੇ ਵਾਹਨ, ਸਾਈਕਲ, ਰਿਕਸ਼ਾ ਜਾਂ ਟਿਫਨ ਦੇ ਡੱਬੇ 'ਚ ਬੰਬ ਰੱਖੇ ਗਏ, ਜਿਨ੍ਹਾਂ ਤੋਂ ਜਾਂਚ ਏਜੰਸੀਆਂ ਨੂੰ ਸੁਰਾਗ ਮਿਲਿਆ ਹੈ, ਜਿਸਦੇ ਆਧਾਰ 'ਤੇ ਇਹ ਘੋਸ਼ਣਾ ਕੀਤੀ ਜਾਂਦੀ ਹੈ ਕਿ ਇਹ ਇਨ੍ਹਾਂ 'ਚੋਂ ਕਿਸੇ ਇਕ ਗਰੋਹ ਜਾਂ ਕਈ ਗਰੋਹਾਂ ਦਾ ਮਿਲਿਆ-ਜੁਲਿਆ ਕੰਮ ਸੀ। ਹਾਲ 'ਚ ਅਸਾਮ 'ਚ ਹੋਏ ਵਿਸਫੋਟਾਂ ਦੇ ਸੰਦਰਭ 'ਚ ਪਹਿਲਾਂ ਇਹ ਘੋਸ਼ਣਾ ਕੀਤੀ ਗਈ ਕਿ "ਬੰਬਾਂ ਦੀ ਰਸਾਇਣਕ ਬਨਾਵਟ ਤੋਂ ਪਤਾ ਲਗਦਾ ਹੈ ਕਿ ਇਸ 'ਚ ਹੁਜੀ ਜਾਂ ਉਲਫਾ ਦਾ ਮਿਲਿਆ-ਜੁਲਿਆ ਹੱਥ ਹੈ।" ਪਰ ਕੁਝ ਹੀ ਦਿਨਾਂ 'ਚ ਉਨ੍ਹਾਂ ਦਾ ਸੁਰ ਬਦਲ ਗਿਆ ਤੇ ਇਕ ਬੋਡੋ ਸੰਗਠਨ 'ਤੇ ਇਲਜ਼ਾਮ ਲਗਾਇਆ ਗਿਆ। ਵਰਨਣਯੋਗ ਹੈ ਕਿ ਉਲਫਾ ਨੇ ਹਿੰਦੁਸਤਾਨੀ ਸੈਨਾ 'ਤੇ ਬੰਬ ਵਿਸਫ਼ੋਟ ਕਰਵਾਉਣ ਦਾ ਅਰੋਪ ਲਗਾਇਆ ਹੈ।

ਸਰਕਾਰੀ ਪ੍ਰਚਾਰ ਮਾਧਿਅਮ 'ਚ ਇਹ ਦੱਸਿਆ ਜਾਂਦਾ ਹੈ ਕਿ ਸਾਡੇ ਦੇਸ਼'ਚ ਕੁਝ ਅਸੰਤੁਸ਼ਟ ਲੋਕ ਹਨ ਜੋ ਅੱਤਵਾਦੀ ਹਰਕਤਾਂ ਨਾਲ ਆਪਣੇ ਅਸੰਤੋਸ਼ ਨੂੰ ਜ਼ਾਹਰ ਕਰਦੇ ਹਨ, ਕਿ ਪਾਕਿਸਤਾਨ ਤੇ ਬੰਗਲਾਦੇਸ਼ ਵਰਗੇ ਗੁਆਂਢੀ ਦੇਸ਼ਾਂ ਦੀ ਸਾਡੇ ਨਾਲ ਦੁਸ਼ਮਣੀ ਹੈ, ਉਹ ਹਿੰਦੁਸਤਾਨ ਦੇ ਲੋਕਤੰਤਰ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਇਸ ਲਈ ਉਹ ਤਰ੍ਹਾਂ-ਤਰ੍ਹਾਂ ਦੇ ਗਰੋਹਾਂ ਨੂੰ ਆਸਰਾ ਦਿੰਦੇ ਹਨ, ਹਥਿਆਰ ਤੇ ਸਿਖਲਾਈ ਦਿੰਦੇ ਹਨ ਤੇ ਸੀਮਾ ਦੇ ਪਾਰ ਇਥੇ ਭੇਜਦੇ ਹਨ, ਕਿ ਇਨ੍ਹਾਂ 'ਚੋਂ

**ਬਾਕੀ ਸਫਾ 6 'ਤੇ**

## ਮੁੰਬਈ ਹਮਲਿਆਂ ਦੀ ਨਿਖੇਧੀ...

**ਸਫਾ 3 ਦੀ ਬਾਕੀ**

ਨਾਲ ਵੱਖ-ਵੱਖ ਦਹਿਸ਼ਤਗਰਦ ਗਿਰੋਹਾਂ ਦੇ ਸਬੰਧਾਂ ਬਾਰੇ ਖਬਰਾਂ ਆ ਰਹੀਆਂ ਸਨ। ਲੇਕਿਨ ਹੁਣ ਪੁਲਸ, ਅਰਧ-ਸੈਨਿਕ ਬਲਾਂ ਅਤੇ ਫੌਜ ਨੂੰ ਹੋਰ ਵਧੇਰੇ ਮਜਬੂਤ ਕਰਨ ਦਾ ਬਹਾਨਾ ਮਿਲ ਜਾਵੇਗਾ। ਵਰਤਮਾਨ ਕਾਲੇ ਕਨੂੰਨਾਂ ਨੂੰ ਜਾਇਜ਼ ਠਹਿਰਾਇਆ ਜਾਵੇਗਾ ਅਤੇ ਨਵੇਂ ਫਾਸ਼ੀ ਕਨੂੰਨ ਵੀ ਪਾਸ ਕੀਤੇ ਜਾਣਗੇ, ਜਿਨ੍ਹਾਂ ਨਾਲ ਆਮ ਲੋਕਾਂ ਦੇ ਜਮਹੂਰੀ ਅਧਿਕਾਰਾਂ ਅਤੇ ਅਜ਼ਾਦੀਆਂ ਦਾ ਹੋਰ ਵੀ ਵਧੇਰੇ ਘਾਣ ਕੀਤਾ ਜਾਵੇਗਾ। ਵਿਸ਼ਵ ਪੂੰਜੀਵਾਦੀ ਸੰਕਟ ਦੇ ਚਲਦਿਆਂ, ਆਪਣੀ ਰੋਜ਼ੀ-ਰੋਟੀ ਉਤੇ ਹਮਲਿਆਂ ਦੇ ਖਿਲਾਫ ਮੇਹਨਤਕਸ਼ਾਂ ਦੇ ਵਧ ਰਹੇ ਸੰਘਰਸ਼ਾਂ ਨੂੰ ਕੁਰਾਹੇ ਪਾਇਆ ਜਾਵੇਗਾ। ਪਾਕਿਸਤਾਨ ਪ੍ਰਤੀ ਨਫਰਤ ਨੂੰ ਭੜਕਾਇਆ ਜਾਵੇਗਾ ਅਤੇ ਉਸ ਦੇਸ਼ ਉਤੇ ਹਿੰਦੋਸਤਾਨ ਵਲੋਂ ਫੌਜੀ ਹਮਲੇ ਨੂੰ ਜਾਇਜ ਠਹਿਰਾਇਆ ਜਾ ਸਕਦਾ ਹੈ। ਜਾਣੀ, ਹਿੰਦੋਸਤਾਨ ਦੇ ਸਰਮਾਏਦਾਰਾਂ ਨੂੰ ਇਨ੍ਹਾਂ ਹਮਲਿਆਂ ਤੋਂ ਕਾਫੀ ਲਾਭ ਹੋ ਸਕਦਾ ਹੈ।

ਮੁੰਬਈ ਵਿੱਚ 26-28 ਨਵੰਬਰ ਨੂੰ ਹੋਏ ਹਮਲਿਆਂ ਦੀ ਵਰਤੋਂ ਕਰਕੇ, ਅਮਰੀਕੀ ਸਾਮਰਾਜਵਾਦੀਏ, ਅਫਗਾਨਿਸਤਾਨ ਵਿੱਚ ਆਪਣੀ ਸੈਨਿਕ ਮੌਜੂਦਗੀ ਨੂੰ ਵਧਾਉਣਗੇ ਅਤੇ ਪਾਕਿਸਤਾਨ ਅੰਦਰ ਵਧੇਰੇ ਘੁਸਪੈਠ ਨੂੰ ਜਾਇਜ਼ ਕਰਾਰ ਦੇਣਗੇ। ਇਹ ਗੌਰਤਲਬ ਹੈ ਕਿ ਬਾਰਕ ਓਬਾਮਾ, ਜੋ ਜਨਵਰੀ 2009 ਨੂੰ ਅਮਰੀਕਾ ਦਾ ਨਵਾਂ ਰਾਸ਼ਟਰਪਤੀ ਬਣੇਗਾ, ਉਹ ਇਰਾਕ ਵਿੱਚ ਅਮਰੀਕੀ ਫੌਜ ਘਟਾਉਣ ਅਤੇ ਅਲ-ਕਾਇਦਾ ਨੂੰ ਮਿਟਾਉਣ ਦੇ ਨਾਂ ਤੇ ਅਫਗਾਨਿਸਤਾਨ ਅੰਦਰ ਵਧੇਰੇ ਅਮਰੀਕੀ ਫੌਜ ਤਾਇਨਾਤ ਕਰਨ ਦੇ ਪੱਖ ਵਿੱਚ ਹੈ, ਕਿਉਂਕਿ ਉਹਦੇ ਅਨੁਸਾਰ ਅਲ-ਕਾਇਦਾ ਹੁਣ ਪਾਕਿਸਤਾਨ ਅੰਦਰ ਛੁਪਿਆ ਹੋਇਆ ਹੈ। ਮੁੰਬਈ ਉਤੇ ਹੋਏ ਹਮਲੇ--ਜਿਨ੍ਹਾਂ ਨੂੰ ਹਿੰਦੋਸਤਾਨ ਦਾ 11ਸਤੰਬਰ ਕਿਹਾ ਜਾ ਰਿਹਾ ਹੈ— ਇਸ ਯੋਜਨਾ ਨੂੰ ਕਾਮਯਾਬ ਕਰਨ ਦਾ ਬਹਾਨਾ ਬਣਾਏ ਜਾ ਸਕਦੇ ਹਨ।ਦੂਸਰੇ ਲਫਜ਼ਾਂ 'ਚ, ਅਮਰੀਕੀ ਸਾਮਰਾਜਵਾਦ ਨੂੰ ਇਸਤੋਂ ਜਰੂਰ ਹੀ ਫਾਇਦਾ ਹੋਵੇਗਾ। ਇਸਤੋਂ ਸਪੱਸ਼ਟ ਹੁੰਦਾ ਹੈ ਕਿ ਸਭ ਸਾਮਰਾਜਵਾਦੀਆਂ ਅਤੇ ਸਰਮਾਏਦਾਰ ਹੁਕਮਰਾਨ ਜਮਾਤਾਂ ਨੂੰ ਇਨ੍ਹਾਂ ਦਹਿਸ਼ਤੀ ਹਮਲਿਆਂ ਤੋਂ ਫਾਇਦਾ ਹੁੰਦਾ ਹੈ। "ਦਹਿਸ਼ਤਵਾਦ ਉਤੇ ਜੰਗ" ਨੂੰ ਮੁੱਖ ਮੁੱਦਾ ਬਣਾਕੇ, ਪੂੰਜੀਵਾਦ ਦੇ ਖਿਲਾਫ ਜਮਾਤੀ ਸੰਘਰਸ਼ ਨੂੰ ਗੁਮਰਾਹ ਕੀਤਾ ਜਾਂਦਾ ਹੈ। ਸਭਨਾਂ ਦੇਸ਼ਾਂ ਦੇ ਸਰਮਾਏਦਾਰ, ਪੂੰਜੀਵਾਦੀ ਸੰਕਟ ਦਾ ਬੋਝ ਮੇਹਨਤਕਸ਼ਾਂ ਦੇ ਮੋਢਿਆਂ ਤੇ ਲੱਦਣ ਦੇ ਯਤਨ ਕਰ ਰਹੇ ਹਨ ਅਤੇ ਮੇਹਨਤਕਸ਼ ਲੋਕ ਇਸਦਾ ਵਿਰੋਧ ਕਰ ਰਹੇ ਹਨ। "ਦਹਿਸ਼ਤਵਾਦ ਉਤੇ ਜੰਗ" ਦੀ ਆੜ ਹੇਠ, ਇਸ ਵਿਰੋਧ-ਸੰਘਰਸ਼ ਨੂੰ ਗੁਮਰਾਹ ਕੀਤਾ ਜਾਵੇਗਾ।

ਬੀਤੇ ਸਮੇਂ ਵਿੱਚ, ਸਾਮਰਾਜਵਾਦ ਦੁਨੀਆਂ ਉਤੇ ਧੌਂਸ ਜਮਾਉਣ ਲਈ "ਕਮਿਉਨਿਜ਼ਮ ਖਿਲਾਫ ਜੰਗ" ਦਾ ਬਹਾਨਾ ਦਿੰਦ ਸੀ। ਅਮਰੀਕੀ ਸਾਮਰਾਜਵਾਦ ਦਾ ਵਿਰੋਧ ਕਰਨ ਵਾਲੇ ਸਭਨਾਂ ਨੂੰ ਕਮਿਉਨਿਸਟ ਗਰਦਾਨਿਆਂ ਜਾਂਦਾ ਸੀ। ਸੋਵੀਅਤ ਸੰਘ ਦੇ ਪਤਨ ਤੋਂ ਬਾਅਦ ਇੱਕ ਨਵੇਂ ਬਹਾਨੇ ਦੀ ਜਰੂਰਤ ਪਈ। ਸਰਦ ਜੰਗ ਤੋਂ ਬਾਅਦ ਦੇ ਇਸ ਅਰਸੇ ਅੰਦਰ, "ਦਹਿਸ਼ਤਵਾਦ ਵਿਰੁੱਧ ਜੰਗ" ਇਹ ਨਵਾਂ ਬਹਾਨਾ ਬਣਿਆ, ਜਿਸਦੇ ਤਹਿਤ ਸਾਮਰਾਜਵਾਦ ਅਤੇ ਸਰਮਾਏਦਾਰਾਂ ਦੇ ਹਮਲਿਆਂ ਦਾ ਵਿਰੋਧ ਕਰਨ ਵਾਲਿਆਂ ਉਤੇ ਦਮਨ ਕੀਤਾ ਜਾਂਦਾ ਹੈ।

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ, ਸੱਭ ਅਗਾਂਹ ਵਧੂ ਤਾਕਤਾਂ ਅਤੇ ਕਮਿਉਨਿਸਟਾਂ ਨੂੰ, ਸਾਮਰਾਜਵਾਦੀਆਂ ਦੇ ਇਨ੍ਹਾਂ ਦੁਸ਼ਟ ਇਰਾਦਿਆਂ ਤੋਂ ਚੁਕੰਨੇ ਰਹਿਣ ਦਾ ਹੋਕਾ ਦਿੰਦੀ ਹੈ। ਸਾਨੂੰ, ਅਮਰੀਕੀ ਅਤੇ ਹਿੰਦੋਸਤਾਨੀ ਸਾਮਰਾਜਵਾਦੀ ਸਰਮਾਏਦਾਰਾਂ ਦੀਆਂ ਚਾਲਾਂ ਤੋਂ ਬਚਕੇ ਰਹਿਣਾ ਚਾਹੀਦਾ ਹੈ। ਸਮਾਚਾਰ ਮਾਧਿਅਮਾਂ 'ਚ ਜੋ ਫੈਲਾਇਆ ਜਾਂਦਾ ਹੈ, ਉਸ ਉਤੇ ਸਾਨੂੰ ਅੱਖਾਂ ਮੀਟ ਕੇ ਵਿਸ਼ਵਾਸ ਨਹੀਂ ਕਰ ਲੈਣਾ ਚਾਹੀਦਾ। ਸਾਮਰਾਜਵਾਦੀ ਵਿਵਸਥਾ ਦੇ ਖਿਲਾਫ, ਹਿੰਦੋਸਤਾਨੀ ਸਰਮਾਏਦਾਰਾਂ ਅਤੇ ਹਿੰਦੋਸਤਾਨੀ ਰਾਜ ਦੇ ਖਿਲਾਫ, ਸਭਨਾਂ ਮਿਹਨਤਕਸ਼ਾਂ ਦੇ ਅਧਿਕਾਰਾਂ ਦੀ ਹਿਫਾਜ਼ਤ ਲਈ ਆਪਣੇ ਸਾਂਝੇ ਸੰਘਰਸ਼ ਤੋਂ ਸਾਨੂੰ ਭਟਕਣਾਂ ਨਹੀਂ ਚਾਹੀਦਾ ਅਤੇ ਆਪਣੀ ਏਕਤਾ ਦੀ ਡਟਕੇ ਰਖਵਾਲੀ ਕਰਨੀ ਚਾਹੀਦੀ ਹੈ। ■

ਕੁਝ ਗਰੋਹਾਂ ਨੇ ਬੰਗਲੌਰ, ਪੂਣੇ, ਸੂਰਤ ਜਾਂ ਜੈਪੁਰ ਵਰਗੇ ਸ਼ਹਿਰਾਂ 'ਚ ਆਪਣੇ ਅੱਡੇ ਬਣਾਏ ਹਨ ਤੇ ਕੇਰਲ ਤੇ ਜੰਮੂ-ਕਸ਼ਮੀਰ, ਅਸਾਮ ਤੇ ਗੁਜਰਾਤ ਦੇ ਵਿਚ ਸੰਪਰਕ ਬਣਾਏ ਹਨ।

ਪਰ ਇਸ ਸਾਰੇ ਪ੍ਰਚਾਰ 'ਚ ਇਹ ਗੱਲ ਪੂਰੀ ਤਰ੍ਹਾਂ ਲੁਕਾਈ ਜਾਂਦੀ ਹੈ ਕਿ ਅੱਤਵਾਦ ਦਾ ਮੁੱਖ ਸ੍ਰੋਤ ਹਿੰਦੁਸਤਾਨੀ ਰਾਜ ਹੈ। ਚਾਹੇ 1980 ਦੇ ਦਹਾਕੇ 'ਚ ਪੰਜਾਬ 'ਚ ਅੱਤਵਾਦ ਹੋਵੇ, ਅਸਾਮ ਤੇ ਪੂਰਬ ਰਾਜਾਂ 'ਚ ਬੀਤੇ ਤਿੰਨ ਦਹਾਕਿਆਂ ਤੋਂ ਚੱਲ ਰਿਹਾ ਅੱਤਵਾਦ ਹੋਵੇ, 1992 'ਚ ਬਾਬਰੀ ਮਸਜਿਦ ਦਾ ਨਾਸ਼ ਤੇ ਮੁੰਬਈ 'ਚ ਸੂਰਤ ਦੇ ਲੋਕਾਂ 'ਤੇ ਛੇੜਿਆ ਗਿਆ ਅੱਤਵਾਦ ਹੋਵੇ, ਗੋਧਰਾ ਕਾਂਡ ਦੇ ਬਾਦ ਗੁਜਰਾਤ 'ਚ ਜਨਸੰਹਾਰ ਹੋਵੇ ਜਾਂ ਪਿਛਲੇ 6 ਵਰ੍ਹਿਆਂ ਤੋਂ ਦੇਸ਼ ਦੇ ਅਲਗ-ਅਲਗ ਸ਼ਹਿਰਾਂ 'ਚ ਬੰਬ ਵਿਸਫੋਟ ਦੇ ਕਾਂਡ ਹੋਣ--ਹਰ ਇਸ ਤਰ੍ਹਾਂ ਦੇ ਕਾਂਡ ਦੇ ਪਿੱਛੇ ਹਿੰਦੁਸਤਾਨੀ ਰਾਜ, ਉਸਦੇ ਖੁਫੀਆਂ ਸੰਸਥਾਨਾਂ, ਹਥਿਆਰਬੰਦ ਸੈਨਾਵਾਂ ਤੇ ਮੁੱਖ ਰਾਜਨੀਤਕ ਪਾਰਟੀਆਂ ਦੀ ਭੂਮਿਕਾ ਦਾ ਪਰਦਾਫਾਸ਼ ਕਰਨਾ ਜ਼ਰੂਰੀ ਹੈ।

ਹਿੰਦੁਸਤਾਨ 'ਚ ਰਾਜਕੀ ਅੱਤਵਾਦ ਦਾ ਹਾਲ ਦਾ ਇਤਹਾਸ

1980 ਦੇ ਦਹਾਕੇ 'ਚ ਪੰਜਾਬ ਦੇ ਕਿਸਾਨ 'ਹਰੀ ਕ੍ਰਾਂਤੀ' ਦੀ ਵਜ੍ਹਾ ਨਾਲ ਹੋਈ ਤਬਾਹੀ ਦੇ ਖਿਲਾਫ਼ ਵੱਡੇ-ਵੱਡੇ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਇਹ ਮੰਨੀ ਹੋਈ ਗੱਲ ਹੈ ਕਿ ਕੇਂਦਰ ਤੇ ਰਾਜ 'ਚ ਸਰਕਾਰ ਚਲਾਉਣ ਵਾਲੀ ਕਾਂਗਰਸ ਪਾਰਟੀ ਨੇ ਸਿੱਖਾਂ ਤੇ ਹਿੰਦੂਆਂ ਨੂੰ ਆਪਸ 'ਚ ਲੜਾਉਣ ਦੇ ਲਈ, ਸੋਚ-ਸਮਝ ਕੇ ਤਰ੍ਹਾਂ-ਤਰ੍ਹਾਂ ਦੇ ਗੁਟਾਂ ਨੂੰ ਆਸਰਾ ਦਿੱਤਾ ਸੀ। ਸੈਨਾ ਦੇ ਟੈਂਕਾਂ ਨਾਲ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਗਿਆ, ਜਿਸ 'ਚ ਸੈਂਕੜੇ ਪੁਰਖ, ਇਸਤਰੀਆਂ, ਬੱਚੇ ਮਾਰੇ ਗਏ। ਇੰਦਰਾ ਗਾਂਧੀ ਦੀ ਹੱਤਿਆ ਨੂੰ 1984 'ਚ ਰਾਜ ਵੱਲੋਂ ਕਰਵਾਏ ਸਿੱਖਾਂ ਦੇ ਜਨ-ਸੰਹਾਰ ਦਾ ਬਹਾਨਾ ਬਣਾਇਆ ਗਿਆ, ਤੇ ਕਾਂਗਰਸ ਪਾਰਟੀ ਨੇ ਖੁੱਲ੍ਹੇਆਮ ਉਸ ਜਨ-ਸੰਹਾਰ ਦਾ ਨਿਰਦੇਸ਼ਤ ਕੀਤਾ। ਰਾਜ ਦੇ ਖੁਫੀਆ ਦਲਾਂ ਨੇ ਅਲਗ-ਅਲਗ ਸ਼ੱਕੀ ਗਿਰੋਹਾਂ ਦੀ ਮਦਦ ਦੇ ਨਾਲ, ਬੱਸਾਂ 'ਚ ਹਿੰਦੂਆਂ ਦੇ ਬੇਰਹਿਮ ਕਤਲੇਆਮ ਕਰਾਏ। ਹਰ ਇਸ ਤਰ੍ਹਾਂ ਦੀ ਵਾਰਦਾਤ ਦੇ ਬਾਅਦ, ''ਖਾਲਿਸਤਾਨ'' ਨਾਲ ਸਬੰਧਤ ਨਾਂਅ ਵਾਲੇ ਕਿਸੇ ਅਸਲੀ ਜਾਂ ਮਨਘੜਤ ਸੰਗਠਨ 'ਤੇ ਉਂਗਲੀਆਂ ਚੁੱਕੀਆਂ ਜਾਂਦੀਆਂ ਸਨ। ਅੱਤਵਾਦ ਨਾਲ ਲੜਨ ਦੇ ਨਾਂ 'ਤੇ ਛੇੜੇ ਗਏ ਰਾਜਕੀ ਅੱਤਵਾਦ ਦੀ ਵਜ੍ਹਾ ਨਾਲ ਹਜ਼ਾਰਾਂ ਬੇਕਸੂਰ ਸਿੱਖ ਨੌਜਵਾਨ ਮਾਰੇ ਗਏ। ਬਾਅਦ 'ਚ ਪੰਜਾਬ ਦੇ ਉੱਚ ਪੁਲਿਸ ਅਫ਼ਸਰਾਂ ਨੇ ਹੀ ਇਹ ਖੁਲਾਸਾ ਕੀਤਾ ਕਿ ਬੇਕਸੂਰ ਹਿੰਦੂਆਂ ਦਾ ਕਤਲ ਕਰਵਾਉਣ 'ਚ ਪੁਲਿਸ ਦਾ ਹੱਥ ਸੀ।

ਦਸੰਬਰ 1992 'ਚ ਬਾਬਰੀ ਮਸਜਿਦ ਦੇ ਨਾਸ਼ ਦੇ ਬਾਅਦ ਪੂਰੇ ਦੇਸ਼ 'ਚ ਰਾਜਕੀ ਅੱਤਵਾਦ ਫੈਲਾਇਆ ਗਿਆ। ਸਾਰੇ ਜਾਣਦੇ ਹਨ ਕਿ ਮੁੰਬਈ, ਸੂਰਤ ਤੇ ਦੂਸਰੇ ਸ਼ਹਿਰਾਂ 'ਚ ਮੁੱਖ ਰਾਜਸੀ ਪਾਰਟੀਆਂ ਦੇ ਸਮਰਥਨ ਨਾਲ ਸੰਗਠਤ ਗਰੋਹਾਂ ਨੇ ਪੁਲਿਸ ਅਫ਼ਸਰਾਂ ਦੀਆਂ ਅੱਖਾਂ ਦੇ ਸਾਹਮਣੇ ਹੱਤਿਆਕਾਂਡ ਰਚਾਏ। ਗੁਜਰਾਤ 'ਚ 2002 'ਚ ਮੁਸਲਮਾਨਾਂ ਦਾ ਜਨਸੰਹਾਰ ਕਰਵਾਉਣ ਵਾਲਿਆਂ ਨੂੰ ਅੱਜ ਸਾਰੇ ਪਹਿਚਾਣਦੇ ਹਨ।

ਪੂਰਬ ਉੱਤਰ ਰਾਜਾਂ 'ਚ ਹਿੰਦੁਸਤਾਨੀ ਰਾਜ ਨੇ ਅਲਗ-ਅਲਗ ਸੰਗਠਨਾਂ ਦੇ ਆਪਣੇ-ਆਪਣੇ ਅਧਿਕਾਰਾਂ ਦੇ ਅੰਦੋਲਨਾਂ ਨੂੰ ਕੁਚਲਨ ਦੇ ਲਈ 'ਬਗਾਵਤ ਵਿਰੋਧ' ਦਾ ਹਥਕੰਡਾ ਅਪਨਾਇਆ ਹੈ। ਹਿੰਦੁਸਤਾਨੀ ਸੈਨਾ ਤੇ ਖੁਫੀਆਂ ਸੰਸਥਾਨਾਂ ਨੇ ਅਲਗ-ਅਲਗ ਸੰਗਠਨਾਂ ਨੂੰ ਆਪਸ 'ਚ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਸੈਨਾ ਤੇ ਖੁਫੀਆ ਸੰਸਥਾਨਾਂ 'ਚ ਕਈ ਅਸਲੀ ਤੇ ਮਨਘੜਤ ਗਰੋਹਾਂ ਨੂੰ ਖੜ੍ਹਾ ਕੀਤਾ ਹੈ, ਜੋ ਅੱਤਵਾਦੀ ਹਰਕਤ ਤੇ ਸੰਪਰਦਾਇਕ ਕਤਲੇਆਮ ਕਰਦੇ ਹਨ। ਕਸ਼ਮੀਰ ਵਿਚ ਵੀ ਇਹੀ ਕੀਤਾ ਜਾ ਰਿਹਾ ਹੈ।

ਹਾਲ 'ਚ ਪਤਾ ਚੱਲਿਆ ਹੈ ਕਿ ਮਾਲੇਗਾਂਵ 'ਚ ਹੋਏ ਬੰਬ ਵਿਸਫੋਟਾਂ 'ਚ ਹਿੰਦੁਸਤਾਨੀ ਸੈਨਾ ਦਾ ਇਕ ਲੈਫਟੀਨੈਂਟ ਕਰਨਲ ਸ਼ਾਮਿਲ ਸੀ। ਇਹ ਤਾਂ ਸੱਚਾਈ ਦਾ ਸਿਰਫ਼ ਮੁੱਢ ਹੀ ਹੈ। ਸਾਨੂੰ ਦੱਸਿਆ ਜਾ ਰਿਹਾ ਹੈ ਕਿ ਉਸ ਨੇ ਆਪਣੇ ਅਹੁਦੇ ਦਾ ਇਸਤੇਮਾਲ ਕਰਕੇ ਹਥਿਆਰਾਂ ਦਾ ਲਾਇਸੰਸ ਲੈ ਲਿਆ ਸੀ ਤੇ ਫਿਰ ਉਨ੍ਹਾਂ ਨੇ ਕਿਸੇ ਅੱਤਵਾਦੀ ਸੰਗਠਨ ਨੂੰ ਇਹ ਹਥਿਆਰ ਦਿੱਤੇ ਸਨ, ਜਿਸ ਦੇ ਬਾਅਦ ਉਸ ਸੰਗਠਨ ਨੇ ਇਹ ਬੰਬ ਵਿਸਫੋਟ ਕੀਤਾ ਸੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਉਸ ਨੇ ਅੱਤਵਾਦੀਆਂ ਨੂੰ ਨਾਸਿਕ ਦੇ ਭੋਂਸਲੇ ਮਿਲਟ੍ਰੀ ਸਕੂਲ 'ਚ ਟ੍ਰੇਨਿੰਗ ਦਿਲਵਾਈ ਸੀ। ਸਰਕਾਰ ਇਹ ਕਹਿ ਰਹੀ ਹੈ ਕਿ ਇਹ ਇਕ ਹੀ ਆਦਮੀ ਦੀ ਹਰਕਤ ਸੀ, ਕਿ ਸੈਨਾ ਤੇ ਖੁਫੀਆ ਦਲ ਅੱਤਵਾਦ ਕਰਵਾਉਣ 'ਚ ਸ਼ਾਮਿਲ ਨਹੀਂ ਹਨ।

ਕੀ ਰਾਜ ਦੇ ਸੁਰੱਖਿਆ ਬਲਾਂ ਦੇ ਅਸ਼ੀਰਵਾਦ ਤੇ ਸਮਰਥਨ ਦੇ ਬਿਨਾ ਦੇਸ਼-ਭਰ 'ਚ ਇਸ ਤਰ੍ਹਾਂ ਦੀਆਂ ਤਾਕਤਾਂ ਕਾਮਯਾਬ ਹੋ ਸਕਦੀਆਂ ਹਨ? ਅਸਾਮ ਤੇ ਜੰਮੂ ਕਸ਼ਮੀਰ 'ਚ, ਜਿਥੇ ਪੂਰਾ-ਪੂਰਾ ਸੈਨਿਕ ਸ਼ਾਸਨ ਲਾਗੂ ਹੈ, ਉਥੇ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਸੈਨਾ ਤੇ ਖੁਫੀਆ ਦਲਾਂ ਨੂੰ ''ਅੱਤਵਾਦੀ'' ਗਿਰੋਹਾਂ ਦੇ ਬਾਰੇ 'ਚ ਕੋਈ ਜਾਣਕਾਰੀ ਨਹੀਂ ਹੈ? ਹਿੰਦੁਸਤਾਨ 'ਚ ਅੱਤਵਾਦ ਹਮੇਸ਼ਾ ਹੀ ਸ਼ਾਸਕ ਪਾਰਟੀ ਤੇ ਵਿਰੋਧੀ ਪਾਰਟੀ, ਕਾਂਗਰਸ ਪਾਰਟੀ ਜਾਂ ਭਾਜਪਾ ਜਾਂ ਦੋਵਾਂ, ਵੱਲੋਂ ਅਯੋਜਿਤ ਕੀਤਾ ਗਿਆ ਹੈ। ਪਰ ਅੱਤਵਾਦੀ ਹਮਲਿਆਂ ਨੂੰ ਕਰਵਾਉਣ 'ਚ ਹਿੰਦੁਸਤਾਨੀ ਰਾਜ ਤੇ ਸ਼ਾਸਕ ਵਰਗ ਦੀਆਂ ਮੁੱਖ ਪਾਰਟੀਆਂ ਦੀ ਭੂਮਿਕਾ ਤੋਂ ਲੋਕਾਂ ਦਾ ਧਿਆਨ ਹਟਾਉਣ ਦੇ ਲਈ "ਹਿੰਦੂ ਕੱਟਰਵਾਦੀਆਂ" ਤੇ "ਇਸਲਾਮੀ ਅੱਤਵਾਦੀਆਂ" 'ਤੇ ਅਰੋਪ ਲਗਾਇਆ ਜਾ ਰਿਹਾ ਹੈ। ਅੱਤਵਾਦੀ ਅਪਰਾਧਾਂ ਦੇ ਦੋਸ਼ੀਆਂ ਨੂੰ ਅੱਜ ਤੱਕ ਕਦੀ ਫੜਿਆ ਨਹੀਂ ਗਿਆ ਹੈ, ਨਾ ਹੀ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ "ਅੱਤਵਾਦੀ" ਗਿਰੋਹ ਵੀ ਪੁਲਿਸ, ਸੈਨਾ, ਰਾਜਨੀਤਕ ਪਾਰਟੀਆਂ ਤੇ ਖੁਫੀਆਂ ਦਲਾਂ ਦੀ ਤਰ੍ਹਾਂ, ਰਾਜ ਦਾ ਇਕ ਹੋਰ ਅੰਗ ਹੀ ਹਨ।

ਰਾਜਕੀ ਅੱਤਵਾਦ ਦਾ ਕੀ ਮਕਸਦ ਹੈ? ਹਿੰਦੁਸਤਾਨੀ ਰਾਜ ਪੂੰਜੀਪਤੀ ਵਰਗ ਦੇ ਸ਼ਾਸਨ ਦਾ ਸਾਧਨ ਹੈ, ਜੋ ਚੰਦ ਸ਼ੋਸ਼ਕਾਂ ਦੇ ਖੁਦਗਰਜ਼ ਕੰਮਾਂ ਨੂੰ ਪੂਰੇ ਸਮਾਜ 'ਤੇ ਥੋਪਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਦਾ ਜਨ-ਵਿਰੋਧੀ ਕਾਰਜ ਤਦ ਹੀ ਥੋਪਿਆ ਜਾ ਸਕਦਾ ਹੈ ਜਦ ਲੋਕਾਂ ਨੂੰ ਵੰਡ ਕੇ ਰੱਖਿਆ ਜਾਂਦਾ ਹੈ ਤੇ ਪੂੰਜੀਪਤੀਆਂ ਦੇ ਖਿਲਾਫ ਜਨ ਅੰਦੋਲਨ ਨੂੰ ਇਸ ਤਰ੍ਹਾਂ ਖਤਮ ਕਰ ਦਿੱਤਾ ਜਾਂਦਾ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦ ਵੀ ਸ਼ਾਸਕ ਵਰਗ ਜਨਤਾ ਦੇ ਖਿਲਾਫ ਕੋਈ ਨਵੇਂ ਕਦਮ ਚੁੱਕਣ ਵਾਲਾ ਹੁੰਦਾ ਹੈ ਤਾਂ ਉਸ ਨੂੰ ਵਧਦੇ ਜਨ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਉਹ ਰਾਜਕੀ ਅੱਤਵਾਦ ਦਾ ਇਸਤੇਮਾਲ ਕਰਨਾ ਪਸੰਦ ਕਰਦਾ ਹੈ।

ਰਾਜੀਵ ਗਾਂਧੀ ਨੇ ਸਿੱਖਾਂ ਦਾ ਜਨ-ਸੰਹਾਰ ਕਰਕੇ ਆਧੁਨਿਕੀਕਰਣ ਦਾ ਕੰਮਕਾਰ ਚਲਾਇਆ ਸੀ। ਨਰਸਿੰਮ੍ਹਾਂ ਰਾਵ ਸਰਕਾਰ ਨੇ ਬਾਬਰੀ ਮਸਜਿਦ ਦੇ ਵਿਨਾਸ਼ ਦੇ ਨਾਲ-ਨਾਲ ਨਿਜੀਕਰਣ ਤੇ ਉਦਾਰੀਕਰਣ ਦਾ ਪਹਿਲਾ ਦੌਰ ਸ਼ੁਰੂ ਕੀਤਾ ਸੀ। 9 ਵਰ੍ਹਿਆਂ 'ਚ ਉਸ ਸੁਧਾਰ ਕਾਰਯਕ੍ਰਮ ਨੂੰ ਚਲਾਉਣ ਦੇ ਬਾਅਦ, 2002 'ਚ ਮੁਸਲਮਾਨਾਂ ਦਾ ਜਨ-ਸੰਹਾਰ ਕਰਵਾਇਆ ਗਿਆ, ਜਿਸ ਦੇ

ਬਾਕੀ ਸਫਾ 7 'ਤੇ

# ਵੱਡੀਆਂ ਕੰਪਨੀਆਂ ਦੇ ਮੁਨਾਫਿਆਂ ਦੇ ਲਈ ਜਨਤਾ ਦਾ ਧਨ ਖਰਚ ਕਰਨਾ ਬੰਦ ਕਰੋ!

ਹਿੰਦੁਸਤਾਨ ਦੀ ਸਰਕਾਰ ਨੇ,ਆਰਥਕ ਸੰਕਟ ਨੂੰ ਹੱਲ ਕਰਨ ਦੇ ਬਹਾਨੇ ਕਈ ਕਦਮ ਚੁੱਕੇ ਹਨ। ਜੇਕਰ ਇਨ੍ਹਾਂ ਕਦਮਾਂ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਇਹ ਸਾਫ਼ ਨਜ਼ਰ ਆਉਂਦਾ ਹੈ ਕਿ ਇਨ੍ਹਾ ਦਾ ਅਸਲੀ ਇਰਾਦਾ ਹੈ ਟਾਟਾ, ਰਿਲਾਇੰਸ, ਬਿਰਲਾ, ਤੇ ਦੂਸਰੀਆਂ ਵੱਡੀਆਂ ਕੰਪਨੀਆਂ ਦੇ ਉੱਚੇ ਮੁਨਾਫਿਆਂ ਨੂੰ ਬਚਾਉਣ ਦੇ ਲਈ ਜਨਤਾ ਦੇ ਧਨ ਦਾ ਇਸਤੇਮਾਲ ਕਰਨਾ। ਮਿਹਨਤਕਸ਼ਾਂ ਦੀ ਰੋਜ਼ੀ-ਰੋਟੀ ਨੂੰ ਬਚਾਉਣ ਦੇ ਲਈ ਕੋਈ ਵੀ ਕਦਮ ਨਹੀਂ ਚੁੱਕੇ ਜਾ ਰਹੇ ਹਨ। ਜਦਕਿ ਇਸ ਦੇ ਉਲਟ ਹੋ ਰਿਹਾ ਹੈ। ਲੋਕਾਂ ਦੇ ਟੈਕਸ ਦੇ ਪੈਸੇ ਅਤੇ ਬੈਂਕਾਂ 'ਚ ਜਮ੍ਹਾਂ ਕੀਤੇ ਗਏ ਪੈਸਿਆਂ ਨਾਲ ਪੂੰਜੀਪਤੀਆਂ ਨੂੰ ਬਚਾਇਆ ਜਾ ਰਿਹਾ ਹੈ। ਵੱਡੀਆਂ ਕੰਪਨੀਆਂ ਦੇ ਮੁਨਾਫਿਆਂ ਨੂੰ ਬਚਾਉਣਾ ਦੇਸ਼ ਨੂੰ ਬਚਾਉਣ ਦੇ ਬਰਾਬਰ ਦੱਸਿਆ ਜਾ ਰਿਹਾ ਹੈ। ਸਾਰੇ ਮਿਹਨਤਕਸ਼ਾਂ ਨੂੰ ਡਟ ਕੇ ਇਸ ਦਾ ਵਿਰੋਧ ਕਰਨਾ ਹੋਵੇਗਾ।

ਦੁਨੀਆਂ ਦੇ ਆਰਥਕ ਸੰਕਟ ਦੀ ਵਜ੍ਹਾ ਨਾਲ ਪੈਦਾ ਹੋਈਆਂ ਸਮੱਸਿਆਵਾ ਨੂੰ ਹੱਲ ਕਰਨ ਦੇ ਬਹਾਨੇ, ਹਿੰਦੁਸਤਾਨ ਦੀ ਮਨਮੋਹਨ ਸਿੰਘ ਰਕਾਰ ਨੇ ਬੀਤੇ ਕੁਝ ਹਫ਼ਤਿਆਂ ਤੋਂ ਕੁਝ ਕਦਮ ਚੁੱਕੇ ਹਨ। ਇਹ ਹਨ:

1. ਦੋ ਮਹੀਨਿਆਂ 'ਚ ਪੈਟ੍ਰੋਲੀਅਮ ਮੰਤਰਾਲੇ ਵੱਲੋਂ ਹਵਾਈ ਜਹਾਜ਼ ਦੇ ਬਾਲਣ ਦੀ ਕੀਮਤ 38 ਫ਼ੀਸਦੀ ਤੱਕ ਘਟਾਈ ਗਈ।
2. ਲੋਹ-ਧਾਤ ਤੇ ਇਸਪਾਤ ਦੀ ਬਰਾਮਦ ਫ਼ੀਸ ਨੂੰ ਵਪਾਰ ਮੰਤਰਾਲੇ ਨੇ ਘਟਾਇਆ ਹੈ।
3. ਵਪਾਰਕ ਬੈਂਕਾਂ 'ਚ ਜਮ੍ਹਾਂ ਧਨ ਅਨੁਪਾਤ ਨੂੰ ਰਿਜ਼ਰਵ ਬੈਂਕ ਨੇ ਘਟਾਇਆ। ਰਿਜ਼ਰਵ ਬੈਂਕ 'ਚੋਂ ਅਡਵਾਂਸ ਪੈਸਾ ਲੈਣ ਦੇ ਲਈ ਬੈਂਕਾਂ ਵੱਲੋਂ ਦਿੱਤੇ ਜਾਣ ਵਾਲੇ ਵਿਆਜ ਦਰ ਨੂੰ ਘਟਾਇਆ ਗਿਆ।
4. ਐਨ. ਆਰ. ਆਈ. ਨਿਵੇਸ਼ਕਾਂ ਨੂੰ ਦਿੱਤੇ ਜਾਣ ਵਾਲੇ ਵਿਆਜ ਦਰ ਨੂੰ ਰਿਜ਼ਰਵ ਬੈਂਕ ਨੇ ਵਧਾਇਆ।
5. ਹਿੰਦੁਸਤਾਨੀ ਕੰਪਨੀਆਂ ਵੱਲੋਂ ਘਰੇਲੂ ਵਪਾਰ ਦੇ ਲਈ ਵਿਦੇਸ਼ੀ ਉਧਾਰ ਤੇ ਬਨਾਮੀ ਵਿਦੇਸ਼ੀ ਧਨ ਦੇ ਪੂੰਜੀ ਨਿਵੇਸ਼ ਤੇ ਸੇਬੀ ਦੀਆਂ ਰੋਕਾਂ ਨੂੰ ਢਿੱਲਾਂ ਕੀਤਾ ਗਿਆ।
6. ਬੀਮਾ ਕੰਪਨੀਆਂ ਦੀ ਵਿਦੇਸ਼ੀ ਮਾਲਕੀ ਦੀ ਹੱਦ ਨੂੰ 24 ਫ਼ੀਸਦੀ ਤੋਂ ਵਧਾ ਕੇ 49 ਫ਼ੀਸਦੀ ਕਰਨ ਦਾ ਮੰਤਰੀ ਮੰਡਲ ਨੇ ਫ਼ੈਸਲਾ ਲਿਆ। ਸਰਕਾਰੀ ਬੁਲਾਰੇ ਇਹ ਦਾਅਵਾ ਕਰ ਰਹੇ ਹਨ ਕਿ ਵਿਸ਼ਵ ਸੰਕਟ ਤੋਂ ਪੈਦਾ ਹੋਈ ਸਮੱਸਿਆ ਨੂੰ ਹੱਲ ਕਰਨ ਦੇ ਲਈ ਇਹ ਕਦਮ ਜ਼ਰੂਰੀ ਹਨ। ਇਨ੍ਹਾਂ ਕਦਮਾਂ ਦਾ ਸਿੱਧਾ ਤੇ ਸਪੱਸ਼ਟ ਮਕਸਦ ਹੈ ਵੱਡੇ ਬੈਂਕਾਂ ਤੇ ਵੱਡੀਆਂ ਕੰਪਨੀਆਂ ਦੇ ਹੱਥਾਂ 'ਚ ਜਨਤਾ ਦਾ ਹੋਰ ਜ਼ਿਆਦਾ ਧਨ ਦੇਣਾ, ਤਾਕਿ ਉਨ੍ਹਾਂ ਦੇ ਉੱਚੇ ਮੁਨਾਫੇ ਬਣਦੇ ਰਹਿਣ। ਇਨ੍ਹਾਂ ਕਦਮਾਂ ਦਾ ਉਦੇਸ਼ ਹੈ ਸਰਮਾਏਦਾਰ ਪੂੰਜੀਪਤੀਆਂ ਦੇ ਮੁਨਾਫਿਆਂ ਨੂੰ ਡਿੱਗਣ ਤੋਂ ਰੋਕਣਾ।

ਪੈਟ੍ਰੋਲੀਅਮ ਤੇ ਵਪਾਰ ਮੰਤਰਾਲੇ ਵੱਲੋਂ ਲਏ ਗਏ ਕਦਮ ਕੁਝ ਖਾਸ ਉਦਯੋਗਿਕ ਖੇਤਰਾਂ, ਜਿਸ ਤਰ੍ਹਾਂ ਕਿ ਹਵਾਈ ਉੜਾਨ, ਲੋਹਾ, ਇਸਪਾਤ ਆਦਿ, 'ਚ ਕੰਪਨੀਆਂ ਦੇ ਮੁਨਾਫਿਆਂ ਨੂੰ ਬਣਾਏ ਰੱਖਣ ਦੇ ਲਈ ਹਨ। ਵੱਡੇ ਉਦਯੋਗਿਕ ਸੰਸਥਾਨਾਂ ਵੱਲੋਂ ਕੱਪੜਾ, ਸਿਮੰਟ ਤੇ ਕੁਝ ਦੂਸਰੇ ਖੇਤਰਾਂ 'ਚ ਹੋਰ ਇਸ ਤਰ੍ਹਾਂ ਦੇ 'ਰਾਹਤ ਕਦਮਾਂ' ਦੀ ਮੰਗ ਕੀਤੀ ਜਾ ਰਹੀ ਹੈ। ਪੂਰੇ ਦੇਸ਼ ਦੇ ਮਜ਼ਦੂਰ-ਮਿਹਨਤਕਸ਼ਾਂ ਤੋਂ ਵਸੂਲੇ ਗਏ ਟੈਕਸਾਂ ਤੋਂ ਪ੍ਰਾਪਤ ਧਨ ਨੂੰ ਵੱਡੀਆਂ ਕੰਪਨੀਆਂ ਦੇ ਮੁਨਾਫਿਆਂ ਨੂੰ ਵਧਾਉਣ ਦੇ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ।

ਪਤਾ ਲੱਗਾ ਹੈ ਕਿ ਪੂੰਜੀਪਤੀ ਘਰਾਣਿਆਂ ਨੇ ਸਰਕਾਰ ਤੋਂ ਇਹ ਮੰਗ ਕੀਤੀ ਹੈ ਕਿ ਦੇਸ਼ ਦੀ ਜਮ੍ਹਾਂ ਵਿਦੇਸ਼ੀ ਮੁਦਰਾ ਤੋਂ ਇਕ 'ਧਨ ਕੋਸ਼' ਬਣਾਇਆ ਜਾਵੇ ਤੇ ਸਰਕਾਰ ਇਸ ਮੰਗ 'ਤੇ ਗੌਰ ਕਰ ਰਹੀ ਹੈ। ਇਸ ਦੇ ਪਿੱਛੇ ਇਹ ਮਕਸਦ ਹੈ ਕਿ ਹਿੰਦੁਸਤਾਨ ਦੇ ਵੱਡੇ ਪੂੰਜੀਪਤੀਆਂ ਨੂੰ ਕਾਫ਼ੀ ਮਾਤਰਾ 'ਚ ਡਾਲਰ ਮੁਹੱਈਆ ਹੋਣ ਤਾਂਕਿ ਉਹ ਹੋਰ ਵਿਦੇਸ਼ੀ ਕੰਪਨੀਆਂ ਨੂੰ ਖਰੀਦ ਸਕਣ।

ਬੀਮਾ ਕੰਪਨੀਆਂ ਦੀ ਵਿਦੇਸ਼ੀ ਮਾਲਕੀ ਦੀ ਸੀਮਾ ਨੂੰ ਵਧਾਉਣਾ ਇਕ ਇਸ ਤਰ੍ਹਾਂ ਦਾ ਕਦਮ

**ਬਾਕੀ ਸਫ਼ਾ 19 'ਤੇ**

---

**ਸਫ਼ਾ 6 ਦੀ ਬਾਕੀ**

ਬਾਅਦ ਭਾਜਪਾ ਨੇ ਪੂੰਜੀਵਾਦੀ ਸੁਧਾਰਾਂ ਦੇ ਦੂਸਰੇ ਦੌਰ ਦਾ ਐਲਾਨ ਕੀਤਾ। ਉਸ ਦੇ ਸਾਢੇ ਛੇ ਵਰ੍ਹਿਆਂ ਬਾਅਦ, ਅੱਜ ਹਿੰਦੁਸਤਾਨ ਦੇ ਪੂੰਜੀਪਤੀ ਆਪਣੇ ਸਾਮਰਾਜਵਾਦੀ ਕਾਰਯਕ੍ਰਮ ਤੇ ਉਦਾਰੀਕਰਣ-ਨਿਜੀਕਰਣ ਦੇ ਨਵੇਂ ਕਮਦਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਚਾਹੁੰਦੇ ਹਨ। ਇਸ ਦੇ ਨਾਲ-ਨਾਲ ਫਿਰ ਤੋਂ "ਇਸਲਾਮੀ ਅੱਤਵਾਦ" ਤੇ "ਕੱਟਰਵਾਦ" ਦੇ ਨਾਂਅ 'ਤੇ ਅੱਤਵਾਦੀ ਵਾਰਦਾਤਾਂ ਕਰਵਾਉਂਦੇ ਜਾ ਰਹੇ ਹਨ।

ਰਾਜਕੀ ਅੱਤਵਾਦ ਦੇ ਜ਼ਰੀਏ ਸ਼ਾਸਕ ਪੂੰਜੀਪਤੀ ਵਰਗ ਲੋਕਾਂ ਦੇ ਅਧਿਕਾਰਾਂ ਤੇ ਲੋਕਾਂ ਦੇ ਪ੍ਰਤੀਰੋਧਾਂ ਨੂੰ ਕੁਚਲਣ ਵਾਲੇ ਕਾਲੇ ਕਨੂੰਨਾਂ ਨੂੰ ਵੀ ਜਾਇਜ਼ ਠਹਿਰਾਉਂਦੇ ਹਨ। ਟਾਡਾ, ਪੋਟਾ, ਮਕੋਕਾ, ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧਿਨਿਯਮ, ਛੱਤੀਸਗੜ੍ਹ ਜਨ-ਸੁਰੱਖਿਆ ਅਧਿਨਿਯਮ, ਆਦਿ ਸਾਰੇ "ਅੱਤਵਾਦ ਨਾਲ ਨਿਪਟਣ" ਦੇ ਨਾਂਅ 'ਤੇ ਜਾਇਜ਼ ਠਹਿਰਾਏ ਗਏ ਹਨ। ਪਰ ਇਨ੍ਹਾਂ ਸਾਰੇ ਕਾਲੇ ਕਨੂੰਨਾਂ ਦੇ ਬਾਵਜੂਦ ਅੱਤਵਾਦੀ ਵਾਰਦਾਤਾਂ 'ਚ ਕਮੀ ਨਹੀਂ ਆਈ ਹੈ। ਬਲਕਿ ਬੇਕਸੂਰ ਲੋਕਾਂ, ਜਨ ਅਧਿਕਾਰਾਂ ਦੇ ਲਈ ਸੰਘਰਸ਼ ਕਰ ਰਹੇ ਜਨ-ਸੰਗਠਨਾਂ ਦੇ ਕਾਰਜਕਰਤਾਵਾਂ ਨੂੰ, ਇਨ੍ਹਾਂ ਕਨੂੰਨਾਂ ਦੇ ਤਹਿਤ ਗਿਰਫ਼ਤਾਰ ਕੀਤਾ ਗਿਆ ਹੈ, ਤੜਪਾਇਆ ਤੇ ਮਾਰਿਆ ਗਿਆ ਹੈ। ਟਾਡਾ ਤੇ ਪੋਟਾ ਵਰਗੇ ਕਨੂੰਨਾਂ ਦੇ ਤਹਿਤ ਬੇਕਸੂਰ ਲੋਕਾਂ ਦੇ ਉਤਪੀੜਨ ਦੇ ਖਿਲਾਫ਼ ਇੰਨੀ ਆਵਾਜ਼ ਚੁੱਕੀ ਗਈ ਸੀ ਕਿ ਰਾਜ ਨੂੰ ਇਨ੍ਹਾਂ ਕਨੂੰਨਾਂ ਨੂੰ ਵਾਪਸ ਲੈਣ ਨੂੰ ਮਜਬੂਰ ਹੋਣਾ ਪਿਆ।

ਹਿੰਦੁਸਤਾਨੀ ਰਾਜ ਅੱਤਵਾਦ ਦਾ ਸ੍ਰੋਤ ਹੈ। ਬੇਕਸੂਰ ਲੋਕਾਂ 'ਤੇ ਅੱਤਵਾਦੀ ਹਮਲੇ ਤਦ ਤਕ ਖਤਮ ਨਹੀਂ ਹੋਣਗੇ ਜਦ ਤੱਕ ਪੂੰਜੀਪਤੀਆਂ ਦੇ ਸ਼ਾਸਨ ਨੂੰ ਹਟਾ ਕੇ, ਉਸਦੀ ਜਗ੍ਹਾ 'ਤੇ ਮਜ਼ਦੂਰਾਂ ਤੇ ਕਿਸਾਨਾਂ ਦਾ ਸ਼ਾਸਨ ਲਾਗੂ ਨਹੀਂ ਕੀਤਾ ਜਾਵੇਗਾ। ਮਜ਼ਦੂਰਾਂ ਤੇ ਕਿਸਾਨਾਂ ਦਾ ਸ਼ਾਸਨ, ਰਾਜਸੱਤਾ ਦਾ ਪੁਨਰਗਠਨ ਕਰੇਗਾ ਤੇ ਉਸਨੂੰ ਸਮਾਜ ਦੇ ਸਾਰੇ ਮਿਹਨਤਕਸ਼ਾਂ ਦੇ ਹਿਤ 'ਚ ਚਲਾਏਗਾ। ■

### ਓਬਾਮਾ ਅਮਰੀਕਾ ਦਾ ਨਵਾਂ ਰਾਸ਼ਟਰਪਤੀ ਬਣੇਗਾ:

# ਵਾਦਾ ਪ੍ਰੀਵਰਤਨ ਲਿਆਉਣ ਦਾ, ਪ੍ਰੰਤੂ ਇਰਾਦਾ ਪੂੰਜੀਵਾਦ ਅਤੇ ਅਮਰੀਕਾ ਦੀ ਬੁਰਸ਼ਾਗਰਦੀ ਦੀ ਹਿਫਾਜ਼ਤ ਦਾ!

ਬਾਰਕ ਓਬਾਮਾ, ਅਮਰੀਕਾ ਦੇ ਰਾਸ਼ਟਰਪਤੀ ਪਦ ਦੀਆਂ ਚੋਣਾਂ ਵਿੱਚ ਜਿਤੱਣ ਵਾਲਾ ਪਹਿਲਾ ਗੈਰ-ਸਫੇਦ ਹੈ। 4 ਨਵੰਬਰ 2008 ਨੂੰ ਉਹ ਚੋਣਾਂ ਜਿੱਤ ਕੇ ਅਮਰੀਕਾ ਦਾ 44 ਵਾਂ ਰਾਸ਼ਟਰਪਤੀ ਘੋਸ਼ਿਤ ਕੀਤਾ ਗਿਆ। ਉਸਨੇ 53 ਫੀਸਦੀ ਵੋਟਾਂ ਜਿੱਤੀਆਂ। ਲਗਭਗ 61 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ। ਪਤਾ ਲੱਗਾ ਹੈ ਕਿ 2004 ਦੀ ਤੁਲਨਾ, ਇਸ ਬਾਰ 40 ਲੱਖ ਵਧੇਰੇ ਨੌਜਵਾਨਾਂ ਨੇ ਵੋਟਾਂ ਪਾਈਆਂ। 30 ਸਾਲ ਤੋ ਘੱਟ ਉਮਰ ਦੇ ਲੋਕਾਂ 'ਚੋਂ 65 ਫੀਸਦੀ ਨੇ ਓਬਾਮਾ ਨੂੰ ਵੋਟ ਦਿੱਤੀ। ਉਹਨੂੰ ਕਈ ਅਰਬ-ਪਤੀਆਂ ਅਤੇ ਵੱਡੀਆਂ ਕੰਪਣੀਆਂ ਤੋਂ ਬਹੁਤ ਪੈਸੇ ਮਿਲੇ ਅਤੇ ਅਖਬਾਰਾਂ ਅਤੇ ਟੀ.ਵੀ. 'ਚ ਖੂਬ ਸਮਰਥਨ ਵੀ ਮਿਲਿਆ।

ਇਹ ਚੋਣਾਂ ਅਮਰੀਕਾ ਅੰਦਰ ਘੋਰ ਆਰਥਿਕ ਸੰਕਟ, ਲੋਕਤੰਤਰ ਦੀ ਸ਼ਾਖ (ਵਿਸ਼ਵਾਸ ਯੋਗਤਾ) ਦੇ ਸੰਕਟ ਅਤੇ ਦੁਨੀਆਂ ਅੰਦਰ ਅਮਰੀਕੀ, ਚੌਧਰ ਦੇ ਸੰਕਟ ਦੇ ਮਹੌਲ 'ਚ ਹੋਈਆਂ। ਇਨ੍ਹਾਂ ਚੋਣਾਂ ਨੇ ਮਿਹਨਤਕਸ਼ਾਂ ਅਤੇ ਨੌਜਵਾਨਾਂ ਅੰਦਰ ਭਰੇ ਅਸੰਤੋਸ਼ ਨੂੰ ਸਪੱਸ਼ਟ ਕੀਤਾ।

ਰਿਪਬਲਿਕਨ ਅਤੇ ਡੈਮੋਕ੍ਰੇਟਿਕ ਪਾਰਟੀਆਂ ਨੇ, ਆਪਣੇ-ਆਪਣੇ ਉਮੀਦਵਾਰ ਛਾਂਟਣ (ਚੁਣਨ) ਲਈ ਜੋ ਪ੍ਰੀਕ੍ਰਿਆ ਚਲਾਈ, ਉਸ ਦੁਰਾਨ ਲੋਕਾਂ ਦੀ ਮਨੋਭਾਵਨਾ ਸਪੱਸ਼ਟ ਹੋਕੇ ਅੱਗੇ ਆਈ। ਇਹ ਦੇਖਣ 'ਚ ਆਇਆ ਕਿ ਅਧਿਕਤਰ ਲੋਕ ਬੀਤੇ ਤੋਂ ਛੁਟਕਾਰਾ ਚਾਹੁੰਦੇ ਹਨ। ਉਹ ਬੁੱਸ਼-ਮੱਤ (ਬੁਸ਼ਵਾਦ) ਦਾ ਅੰਤ ਚਾਹੁੰਦੇ ਹਨ, ਉਹ ਕਦੇ ਨਾ ਖਤਮ ਹੋਣ ਵਾਲੀਆਂ ਨਿਰੰਤਰ ਜੰਗਾਂ ਅਤੇ ਦੂਸਰੇ ਦੇਸ਼ਾਂ ਉਤੇ ਅਮਰੀਕੀ ਫੌਜੀ ਕਬਜ਼ੇ ਦਾ ਅੰਤ ਚਾਹੁੰਦੇ ਹਨ। ਲੋਕ, ਅਮਰੀਕੀ ਆਰਥਕਤਾ ਨੂੰ ਸੰਕਟ 'ਚ ਝੋਕਣ ਵਾਲੇ ਅਤੇ ਲੋਕਾਂ ਨੂੰ ਲੁੱਟਣ ਵਾਲੇ ਵੱਡੇ ਉਦਯੋਗਪਤੀਆਂ ਅਤੇ ਸਰਮਾਏਦਾਰਾਂ ਦੀ ਸੁੱਰਖਿਅਤਾ ਨੂੰ ਖਤਮ ਕਰਨਾ ਚਾਹੁੰਦੇ ਹਨ। ਲੋਕ ਨੌਕਰੀਆਂ ਦੀ ਕਟੌਤੀ, ਬੇਘਰੇਪਣ, ਪੈਨਸ਼ਨ ਹਾਨੀ ਅਤੇ ਅਸਹਿ ਕਰਜ਼ ਬੋਝ ਨੂੰ ਖਤਮ ਕਰਨਾ ਚਾਹੁੰਦੇ ਹਨ।

ਚੋਣ ਪ੍ਰੀਕ੍ਰਿਆ ਦੇ ਆਰੰਭ ਤੋਂ ਹੀ, ਅਮਰੀਕਾ ਦੇ ਸਰਮਾਏਦਾਰਾਂ ਨੇ ਇਹ ਭਾਂਪ ਲਿਆ ਸੀ ਕਿ ਉਨ੍ਹਾਂ ਨੂੰ ਐਸੇ ਉਮੀਦਵਾਰਾਂ ਦੀ ਜਰੂਰਤ ਹੈ, ਜੋ ਸਰਮਾਏਦਾਰਾਂ ਪ੍ਰਤੀ ਵਫਾਦਾਰ ਹੋਣਗੇ ਅਤੇ ਨਾਲੋ-ਨਾਲ ਲੋਕਾਂ ਦੇ ਸਾਹਮਣੇ ਇਹ ਦਿਖਾਵਾ ਕਰ ਸਕਣਗੇ ਕਿ ਉਹ ਪ੍ਰੀਵਰਤਨ ਲਿਆਉਣ ਵਾਲੇ ਹਨ। "ਪਰੀਵਰਤਨ" ਭਿੜ ਰਹੀਆਂ ਦੋਨਾਂ ਮੁੱਖ ਪਾਰਟੀਆਂ ਅਤੇ ਉਨ੍ਹਾਂ ਦੇ ਉਮੀਦਵਾਰਾਂ ਦਾ ਕੇਂਦਰੀ (ਮੁੱਖ) ਚੋਣ ਨਾਹਰਾ ਬਣ ਗਿਆ। ਚੋਣ ਮੁਹਿੰਮ ਦੇ ਦੌਰਾਨ ਉਮੀਦਵਾਰਾਂ ਵਿਚਕਾਰ ਇਹ ਹੋੜ ਚਲਦੀ ਰਹੀ ਕਿ ਕੌਣ ਸਭ ਤੋਂ ਚੰਗੀ ਤਰ੍ਹਾਂ, ਰਾਸ਼ਟਰਪਤੀ ਪਦ ਉਤੇ ਬੈਠਕੇ, ਇਜਾਰੇਦਾਰ ਸਰਮਾਏਦਾਰਾਂ ਦੇ ਹਿੱਤਾਂ ਦੀ ਰੱਖਿਆ ਕਰ ਸਕੇਗਾ ਅਤੇ ਨਾਲੋ-ਨਾਲ, ਇਸ ਚੀਜ਼ ਨੂੰ ਲੋਕਾਂ ਤੋਂ ਛੁਪਾ ਕੇ ਰੱਖ ਸਕੇਗਾ।

ਓਬਾਮਾ ਨੇ ਆਪਣੀ ਮੁਹਿੰਮ ਦੇ ਦੌਰਾਨ, ਖੁਦ ਨੂੰ ਮੁੱਠੀ-ਭਰ ਸਰਮਾਏਦਾਰਾਂ ਦੇ ਖਿਲਾਫ, ਆਮ ਲੋਕਾਂ ਦੇ ਰਖਵਾਲੇ ਬਤੌਰ ਪੇਸ਼ ਕੀਤਾ। ਉਸਨੇ ਕਿਹਾ ਕਿ ਉਹ "ਮੇਨ ਸਟ੍ਰੀਟ" ਦੇ ਸਾਥ ਹੈ, ਨਾ ਕਿ "ਦਲਾਲ ਸਟ੍ਰੀਰ" ਦੇ ਸਾਥ। ਲੇਕਿਨ ਜਦ ਉਸਦੀ ਪਹਿਲੀ ਅਜ਼ਮਾਇਸ਼ ਹੋਈ, ਜਦ ਵੱਡੀਆਂ ਇਜਾਰੇਦਾਰ ਬੈਂਕਾਂ ਅਤੇ ਬੀਮਾ ਕੰਪਣੀਆਂ ਨੂੰ ਬਚਾਉਣ ਲਈ ਜ਼ਾਮਨੀ ਬਤੌਰ ਸਰਕਾਰ ਨੇ 700 ਅਰਬ ਡਾਲਰ ਰਾਹਤ ਦੀ ਪੇਸ਼ਕਸ਼ ਕੀਤੀ, ਤਾਂ ਉਸ ਵਕਤ ਓਬਾਮਾ ਨੇ ਇਸਦਾ ਕੋਈ ਵਿਰੋਧ ਨਾ ਕੀਤਾ-- ਉਹ ਇਸ ਗੱਲ ਨੂੰ ਲੁਕਾ ਨਾ ਸਕਿਆ ਕਿ ਉਸਦੀ ਵਫਾਦਾਰੀ ਅਸਲੀਅਤ ਵਿੱਚ ਕਿਸ ਜਮਾਤ ਦੇ ਨਾਲ ਹੈ। ਉਸਨੇ ਬੜੇ ਸਰਮਾਏਦਾਰਾਂ ਦੀ ਗੱਲ ਮੰਨ ਲਈ ਕਿ ਇਨ੍ਹਾਂ ਵਿਸ਼ਾਲ ਵਿੱਤ ਕੰਪਣੀਆਂ ਨੂੰ "ਫੇਲ੍ਹ ਨਹੀਂ ਹੋਣ ਦਿੱਤਾ ਜਾ ਸਕਦਾ"।

ਓਬਾਮਾ ਖੁਦ ਨੂੰ ਇਰਾਕ 'ਚ ਜੰਗ ਦਾ ਕੱਟੜ ਅਲੋਚਕ ਕਹਿੰਦਾ ਹੈ। ਪ੍ਰੰਤੂ ਉਹ ਅਸੂਲ ਦੇ ਤੌਰ ਤੇ, ਹਮਲਾਵਰ ਜੰਗ ਅਤੇ ਦੂਸਰੇ ਸੰਪ੍ਰਭੂ ਦੇਸ਼ਾਂ ਉਤੇ ਫੌਜੀ ਕਬਜ਼ੇ ਦੇ ਖਿਲਾਫ ਨਹੀ ਹੈ। ਉਹ ਸਿਰਫ ਕੁੱਛ ਤਬਦੀਲੀਆਂ ਲਿਆਉਣੀਆਂ ਚਾਹੁੰਦਾ ਹੈ, ਜਿਵੇਂ ਕਿ ਇਰਾਕ ਅੰਦਰ ਅਮਰੀਕੀ ਫੌਜਾਂ ਘਟਾਉਣਾ ਅਤੇ ਇਸਲਾਮੀ ਦਹਿਸ਼ਤਗਰਦਾਂ ਨੂੰ ਭਾਲਣ ਦੇ ਬਹਾਨੇ, ਅਫਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਅਮਰੀਕੀ ਫੌਜਾਂ ਨੂੰ ਵਧਾਉਣਾ।

ਓਬਾਮਾ, ਜੰਗ-ਫਰੋਸ਼ ਨੀਤੀ ਨੂੰ ਖਤਮ ਨਹੀਂ ਕਰ ਸਕਦਾ, ਕਿਉਂਕਿ ਅਮਰੀਕੀ ਸਾਮਰਾਜਵਾਦੀ ਸਰਮਾਏਦਾਰਾਂ ਨੂੰ ਦੁਨੀਆਂ ਉਤੇ ਹਾਵੀ ਰਹਿਣ ਲਈ ਜੰਗ ਦੀ ਜਰੂਰਤ ਹੈ। ਵਿਸ਼ਵ-ਵਪਾਰ ਵਿੱਚ ਅਮਰੀਕੀ ਡਾਲਰ ਦੇ ਗਲਬੇ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਦੇਸ਼ ਨੂੰ ਦਬਾਉਣ ਲਈ ਅਮਰੀਕੀ ਸਾਮਰਾਜਵਾਦੀ ਸਰਮਮਾਏਦਾਰਾਂ ਨੂੰ ਜੰਗ ਦੀ ਜਰੂਰਤ ਹੈ।

ਓਬਾਮਾ "ਨਵੇਂ ਚਿੰਤਨ" ਅਤੇ ਵੈਧਤਾ ਦੇ ਨਵੇਂ ਅਧਾਰ ਦਾ ਵਾਦਾ ਕਰ ਰਿਹਾ ਹੈ। ਉਹ ਕਹਿੰਦਾ ਹੈ ਕਿ ਉਹ "ਅਮਰੀਕਾ ਦੇ ਕੰਮ ਦੇ ਉਦੇਸ਼ਾਂ ਪ੍ਰਤੀ, ਅਮਰੀਕੀ ਲੋਕਾਂ ਅਤੇ ਅੰਤਰਰਾਸ਼ਟਰੀ ਭਾਈਚਾਰੇ ਦੇ ਭਰੋਸੇ ਨੂੰ ਮੁੜ-ਸਥਾਪਤ" ਕਰਨਾ ਚਾਹੁੰਦਾ ਹੈ। ਇਸਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਮਰੀਕਾ ਦੀ ਹਾਸਕਮ ਜਮਾਤ, ਪੂਰੀ ਦੁਨੀਆਂ ਅੰਦਰ ਅਤੇ ਆਪਣੇ ਹੀ ਦੇਸ਼ ਦੇ ਅੰਦਰ ਕਿੰਨੀ ਬਦਨਾਮ ਅਤੇ ਲੋਕਾਂ ਨਾਲੋਂ ਕੱਟੀ ਹੋਈ ਹੈ।

ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਤੋਂ ਇਹ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਹਾਲਾਂਕਿ ਅਧਿਕਤਰ ਲੋਕ ਮੂਲਭੂਤ ਪ੍ਰੀਵਰਤਨ ਚਾਹੁੰਦੇ ਹਨ, ਪ੍ਰੰਤੂ ਇਜਾਰੇਦਾਰ ਸਰਮਾਏਦਾਰਾਂ ਦੇ ਪੈਸਿਆਂ ਤੇ ਪਲ਼ੀਆਂ ਪਾਰਟੀਆਂ ਦੁਆਰਾ ਸੰਚਾਲਿਤ, ਪ੍ਰਤੀਨਿਧਤਵ ਵਾਲੇ ਲੋਕਤੰਤਰ ਦੀ ਰਾਜਨੀਤਕ ਪ੍ਰੀਕ੍ਰਿਆ ਦੇ ਚਲਦਿਆਂ, ਲੋਕ ਆਪਣੀ ਇਹ ਇੱਛਾ ਪੂਰੀ ਨਹੀਂ ਕਰ ਸਕਦੇ।

ਇਹ ਕਿਹਾ ਜਾ ਸਕਦਾ ਹੈ ਕਿ ਓਬਾਮਾ ਦੇ ਰਾਸ਼ਟਰਪਤੀ ਚੁਣੇ ਜਾਣ ਨਾਲ, ਦੁਨੀਆਂ ਉਤੇ ਹਾਵੀ ਰਹਿਣ ਦੇ ਅਮਰੀਕੀ ਰਾਜ ਦੇ ਰਣਨੀਤਕ ਮਕਸਦ ਵਿੱਚ ਕੋਈ ਪ੍ਰੀਵਰਤਨ ਨਹੀਂ ਆਏਗਾ। ਮੇਹਨਤਕਸ਼ਾਂ ਨੂੰ ਲੁੱਟ ਕੇ ਅਧਿਕਤਮ ਮੁਨਾਫੇ ਕਮਾਉਣ ਦੇ ਇਜਾਰੇਦਾਰ ਕੰਪਣੀਆਂ ਦੇ "ਅਧਿਕਾਰ" ਤੇ ਕੋਈ ਉਂਗਲ ਨਹੀਂ ਉਠਾਈ ਜਾਏਗੀ।

ਅਮਰੀਕੀ ਜਨਤਾ ਨੂੰ ਉੱਲੂ ਬਣਾਉਣ ਅਤੇ ਦੁਨੀਆਂ ਅੰਦਰ ਅਮਰੀਕਾ ਦੀ ਬੁਰਸ਼ਾਗਰਦੀ ਨੂੰ ਕਾਇਮ ਰੱਖਣ ਦੇ, ਹੁਕਮਰਾਨ ਸਰਮਾਏਦਾਰ ਜਮਾਤ ਦੇ ਉਦੇਸ਼ ਨੂੰ ਪੂਰਾ ਕਰਨ ਵਿੱਚ ਓਬਾਮਾ ਕਿਤਨਾ ਕਾਮਯਾਬ ਹੋਏਗਾ, ਇਹ ਆਉਣ ਵਾਲਾ

ਬਾਕੀ ਸਫਾ 9 'ਤੇ

# ਦੱਖਣੀ ਏਸ਼ੀਆ 'ਚ ਯੁੱਧ ਦੀਆਂ ਤਿਆਰੀਆਂ ਦੇ ਖਿਲਾਫ ਮੀਟਿੰਗ

12 ਦਸੰਬਰ 2008 ਨੂੰ, ਦਿੱਲੀ ਵਿੱਚ ਜਥੇਬੰਦ ਕੀਤੀ ਗਈ, ਇੱਕ ਜਨਤਕ ਮੀਟਿੰਗ ਵਿੱਚ ਹਿੱਸਾ ਲੈਣ ਵਾਲਿਆਂ ਨੇ, "ਦਹਿਸ਼ਤਵਾਦ ਦੇ ਢਾਂਚੇ ਨੂੰ ਤੋੜਨ" ਦੇ ਨਾਂ ਤੇ, ਪਾਕਿਸਤਾਨ ਖਿਲਾਫ ਯੁੱਧ ਛੇੜਨ ਦੇ ਹੁਕਮਰਾਨ ਜਮਾਤ ਦੇ ਕੁਛ ਹਿੱਸਿਆਂ ਵਲੋਂ ਪਿੱਟੇ ਜਾ ਰਹੇ ਢੰਡੋਰੇ ਦੀ ਨਿਖੇਧੀ ਕੀਤੀ । ਮੁੰਬਈ ਵਿੱਚ ਦਹਿਸ਼ਤਵਾਦੀ ਹਮਲਿਆਂ ਅਤੇ ਦੱਖਣੀ ਏਸ਼ੀਆ ਵਿੱਚ ਅਮਨ ਦੇ ਵਿਸ਼ੇ ਬਾਰੇ, ਇਸ ਸਭਾ ਦਾ ਅਯੋਜਨ ਲੋਕ ਰਾਜ ਸੰਗਠਨ ਨੇ ਕੀਤਾ ਸੀ। ਇਸ ਵਿੱਚ ਭਾਗ ਲੈਣ ਵਾਲਿਆਂ 'ਚ ਸਮਾਜ ਦੇ ਹਰ ਤਬਕੇ ਦੇ ਲੋਕ ਸਨ-- ਰਾਜਨੀਤਕ ਪਾਰਟੀਆਂ ਅਤੇ ਟਰੇਡ ਯੂਨੀਅਨਾਂ ਦੇ ਕਾਰਯਕਰਤਾ, ਲੋਕਾਂ ਦੇ ਅਧਿਕਾਰਾਂ ਲਈ ਅਤੇ ਲੋਕਾਂ ਨੂੰ ਸੱਤਾ 'ਚ ਲਿਆਉਣ ਦੇ ਸੰਘਰਸ਼ ਵਿੱਚ ਜੁੱਟੇ ਹੋਏ ਕਾਰਯਕਰਤਾ, ਆਦਿ

ਲੋਕ ਰਾਜ ਸੰਗਠਨ ਦੇ ਪ੍ਰਧਾਨ, ਸ੍ਰੀ ਐਸ ਰਾਗਵਨ ਨੇ ਆਪਣੀ ਆਰੰਭਕ ਟਿੱਪਣੀ 'ਚ ਕਿਹਾ ਕਿ ਇਹ ਸੁਭਾਵਿਕ ਹੈ ਕਿ ਮੁੰਬਈ ਉਤੇ ਦਹਿਸ਼ਤਵਾਦੀ ਹਮਲਿਆਂ ਤੋਂ ਲੋਕਾਂ 'ਚ ਬਹੁਤ ਗੁੱਸਾ ਹੈ। ਰੇਲਵੇ ਪਲੇਟ ਫਾਰਮਾਂ, ਹਸਪਤਾਲਾਂ, ਸੜਕਾਂ ਅਤੇ 5 ਸਿਤਾਰਾ ਹੋਟਲਾਂ 'ਚ ਲੋਕਾਂ ਦਾ ਕਤਲੇਆਮ ਹੋਇਆ। ਲੋਕਾਂ ਦਾ ਬੇਹੱਦ ਅਸੁਰੱਖਿਅਤ ਮਹਿਸੂਸ ਕਰਨਾ ਅਤੇ ਰਾਜਸੱਤਾ ਵਲੋਂ ਉਨ੍ਹਾਂ ਦੀ ਜ਼ਿੰਦਗੀ ਦੀ ਹਿਫਾਜ਼ਤ ਕਰ ਸਕਣ ਦੀ ਸਮਰੱਥਾ ਬਾਰੇ ਸੰਦੇਹ ਹੋਣਾ ਸੁਭਾਵਿਕ ਹੈ। ਪਹਿਲਾਂ ਤੋਂ ਹੀ ਹੋ ਰਹੇ ਅਨੇਕ ਦਹਿਸ਼ਤਵਾਦੀ ਹਮਲਿਆਂ ਤੋਂ ਬਾਅਦ, ਇਸ ਨਾਲ ਫਿਰ ਸਵਾਲ ਉਠ ਰਹੇ ਹਨ ਕਿ ਇਨ੍ਹਾਂ ਗੁਨਾਹਾਂ ਲਈ ਕੌਣ ਜਿਮੇਵਾਰ ਹਨ। ਉਨ੍ਹਾਂ ਨੂੰ ਕਦੀ ਵੀ ਸਜ਼ਾ ਕਿਉਂ ਨਹੀਂ ਮਿਲਦੀ ?

ਦਹਿਸ਼ਤਵਾਦ ਦਾ ਸ੍ਰੋਤ ਕੀ ਹੈ ਅਤੇ ਇਸਨੂੰ ਹਮੇਸ਼ਾ ਲਈ ਖਤਮ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ? ਉਨ੍ਹਾਂ ਨੇ ਧਿਆਨ ਦੁਆਇਆ ਕਿ ਦਹਿਸ਼ਤਵਾਦ ਦੇ ਸ਼ਿਕਾਰ ਹੋਏ ਲੋਕਾਂ ਦੀਆਂ ਅਸਲੀ ਚਿੰਤਾਵਾਂ ਨੂੰ, ਪ੍ਰਸਾਰ ਮਾਧਿਆਮ ਅਤੇ ਸਰਕਾਰ ਤੋੜ-ਮਰੋੜਕੇ ਪੇਸ਼ ਕਰ ਰਹੇ ਹਨ। ਲੋਕਾਂ ਲਈ ਫਿਕਰ ਦੇ ਬਹਾਨੇ, ਦਮਨਕਾਰੀ ਰਾਜਕੀ ਸੁਰੱਖਿਆ ਉਪਕਰਮਾਂ ਨੂੰ ਮਜਬੂਤ ਕੀਤਾ ਜਾ ਰਿਹਾ ਹੈ ਵਧੇਰੇ ਫਾਸ਼ੀਵਾਦੀ ਕਨੂੰਨ ਬਣਾਏ ਜਾ ਰਹੇ ਹਨ ਅਤੇ ਪਾਕਿਸਤਾਨ ਖਿਲਾਫ ਜੰਗ ਦੀ ਤਿਆਰੀ ਚਲ ਰਹੀ ਹੈ।

ਹਿੰਦੋਸਤਾਨ ਦੀ ਕਮਿਉਨਿਸਟ ਗ਼ਦਰ ਪਾਰਟੀ ਦੇ ਪ੍ਰਵਕਤਾ, ਕਾਮਰੇਡ ਪ੍ਰਕਾਸ਼ ਰਾਓ ਨੇ ਜ਼ੋਰ ਦਿੱਤਾ ਕਿ ਦੇਸ਼ ਦੇ ਬਟਵਾਰੇ ਤੋਂ ਲੈਕੇ ਅੱਜ ਤਕ, ਦੱਖਣੀ ਏਸ਼ੀਆ ਦੀ ਤਰਫ ਬਰਤਾਨਵੀ-ਅਮਰੀਕੀ ਨੀਤੀ ਸਦਾ ਹੀ ਇਸ ਇਲਾਕੇ ਦੇ ਲੋਕਾਂ ਵਿਚਕਾਰ ਫਿਰਕੂ ਪਾੜੇ ਪਾਉਣ ਦੀ ਨੀਤੀ ਰਹੀ ਹੈ। ਉਨ੍ਹਾਂ ਦਾ ਮਕਸਦ ਹੈ ਕਿ ਦੱਖਣੀ ਏਸ਼ੀਆ ਦੇ ਇੱਕ ਰਾਜ

ਨੂੰ ਦੂਸਰੇ ਰਾਜ ਨਾਲ ਭਿੜਾ ਕੇ, ਇਸ ਪੂਰੇ ਇਲਾਕੇ ਦੇ ਲੋਕਾਂ ਨੂੰ ਕਮਜੋਰ ਰੱਖਣਾ। ਹਿੰਦੋਸਤਾਨ ਅਤੇ ਪਾਕਿਸਤਾਨ, ਦੋਨਾਂ ਦੇ ਹੁਕਮਰਾਨ ਇਸ ਰਣਨੀਤੀ 'ਚ ਜਕੜੇ ਰਹੇ ਹਨ। ਪਾਕਿਸਤਾਨ ਦੇ ਲੋਕਾਂ ਦੀ ਅੱਜ ਦੀ ਤਰਸਯੋਗ ਹਾਲਤ, ਉਨ੍ਹਾਂ ਦੇ ਹਾਕਮਾਂ ਦੀਆਂ ਦੇਸ਼-ਧ੍ਰੋਹੀ ਨੀਤੀਆਂ ਦਾ ਨਤੀਜਾ ਹੈ। ਉਸ ਦੇਸ਼ ਦੇ ਜ਼ਿਆਦਾ ਤੋਂ ਜ਼ਿਆਦਾ ਲੋਕ ਅੱਜ ਇਸਨੂੰ ਸਮਝ ਰਹੇ ਹਨ ਅਤੇ ਹਿੰਦੋਸਤਾਨ ਦੇ ਨਾਲ ਅਮਨ ਚਾਹੁੰਦੇ ਹਨ ਅਤੇ ਅਮਰੀਕੀ ਸਾਮਰਾਜਵਾਦ ਦੇ ਖਿਲਾਫ ਸੰਯੁਕਤ ਮੋਰਚਾ ਬਣਾਉਣਾ ਚਾਹੁੰਦੇ ਹਨ। ਸਾਨੂੰ ਇਹ ਕਤਈ ਮੰਜੂਰ ਨਹੀਂ ਕਿ ਹਿੰਦੋਸਤਾਨ ਦੇ ਹਾਕਮ, ਆਪਣੇ ਖੁਦਗਰਜ਼ ਹਿੱਤਾਂ ਨੂੰ ਪੂਰਾ ਕਰਨ ਲਈ, ਪਾਕਿਸਤਾਨ ਦੇ ਖਿਲਾਫ ਅਮਰੀਕਾ ਦਾ ਸਾਥ ਦੇ ਰਹੇ ਹਨ।

ਕਾਮਰੇਡ ਪ੍ਰਕਾਸ਼ ਰਾਓ ਨੇ ਕਿਹਾ ਕਿ ਆਪਣੇ ਅੰਦਰੂਨੀ ਨੀਤੀ ਉਦੇਸ਼ਾਂ ਲਈ ਅਤੇ ਅੰਤਰਰਾਸ਼ਟਰੀ ਲਕਸ਼ਾਂ ਲਈ ਭੀ, ਪੂੰਜੀਵਾਦੀ ਸਾਮਰਾਜਵਾਦੀ ਰਾਜ, ਦਹਿਸ਼ਤਵਾਦ ਦਾ ਇਸਤੇਮਾਲ ਕਰਦੇ ਆਏ ਹਨ। ਜਦਕਿ ਦਹਿਸ਼ਤ ਜਥੇਬੰਦ ਕਰਨ ਵਿੱਚ ਅਮਰੀਕਾ ਸੱਭ ਤੋਂ ਅੱਗੇ ਹੈ, ਹਿੰਦੋਸਤਾਨੀ, ਪਾਕਿਸਤਾਨੀ ਅਤੇ ਦੂਸਰੇ ਪੂੰਜੀਵਾਦੀ ਰਾਜ ਭੀ, ਇਸੇ ਹਥਿਆਰ ਦਾ ਪ੍ਰਯੋਗ ਕਰਦੇ ਹਨ। ਸਾਨੂੰ ਮੰਗ ਰੱਖਣੀ ਚਾਹੀਦੀ ਹੈ ਕਿ ਆਪਣੇ ਦੇਸ਼ ਅੰਦਰ ਦਹਿਸ਼ਤਵਾਦ ਦੇ ਉਪਕਰਣਾਂ ਨੂੰ ਖਤਮ ਕਰਨ ਲਈ ਕਦਮ ਉਠਾਏ ਜਾਣ। ਪਾਕਿਸਤਾਨ ਵਿੱਚ ਭੀ ਐਸੇ ਹੀ ਕਦਮ ਉਠਾਏ ਜਾਣ। ਪਾਕਿਸਤਾਨ ਅਤੇ ਦੂਸਰੇ ਪੜੋਸੀ ਦੇਸ਼ਾਂ ਦੇ ਨਾਲ ਮਿਲਕੇ, ਆਪਣੇ ਇਲਾਕੇ ਤੋਂ ਅਮਰੀਕੀ ਜਕੜ ਨੂੰ ਖਤਮ ਕੀਤਾ ਜਾਵੇ। ਅੰਤ 'ਚ ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਇਲਾਕੇ ਨੂੰ ਸਾਮਰਾਜਵਾਦੀ ਜੰਗ 'ਚ ਉਲਝਾਉਣ ਦੀ ਅਮਰੀਕੀ ਯੋਜਨਾ ਨੂੰ ਨਕਾਮ ਕਰਨਾ ਹੋਵੇਗਾ, ਕਿਉਂਕਿ ਉਹ ਸਾਡੇ ਲੋਕਾ ਲਈ ਬਹੁਤ ਖਤਰਨਾਕ ਹੋਵੇਗੀ।

ਜਾਨੇ-ਮਾਨੇ ਕਨੂੰਨਵਿਦ ਕਾਰਯਕਰਤਾ, ਸ੍ਰੀ ਪ੍ਰਸ਼ਾਂਤ ਭੂਸ਼ਣ ਨੇ ਜ਼ੋਰ ਦਿੱਤਾ ਕਿ ਪਾਕਿਸਤਾਨ ਦੇ ਖਿਲਾਫ ਯੁੱਧ ਭੜਕਾਊ ਪੁਕਾਰਾਂ ਨਾਲ ਇਸ ਇਲਾਕੇ ਵਿੱਚ ਦਹਿਸ਼ਤਵਾਦ ਦਾ ਖਤਰਾ ਹੋਰ ਜ਼ਿਆਦਾ ਵਧ ਜਾਵੇਗਾ। ਇਰਾਕ ਅਤੇ ਅਫਗਾਨਿਸਤਾਨ, ਉਤੇ ਕਬਜ਼ੇ ਤੋਂ ਪਹਿਲਾਂ ਇਨ੍ਹਾਂ ਦੋਹਾਂ ਦੇਸ਼ਾਂ ਅੰਦਰ ਦਹਿਸਤਵਾਦ ਦੀਆਂ ਘਟਨਾਵਾਂ ਨਹੀਂ ਹੁੰਦੀਆਂ ਸਨ। ਇਰਾਕ ਵਿੱਚ ਹੁਣ ਇੱਕ ਦਿਨ ਭੀ ਐਸਾ ਨਹੀਂ ਜਾਂਦਾ ਜਦ ਆਤਮਘਾਤੀ ਬੰਬ ਵਿਸਫੋਟਾਂ ਵਿੱਚ ਢੇਰ ਸਾਰੇ ਲੋਕ ਨਹੀਂ ਮਰਦੇ। ਪਾਕਿਸਤਾਨ ਇੱਕ ਐਸਾ ਦੇਸ਼ ਬਣ ਗਿਆ ਹੈ ਜੋ ਪੂਰੀ ਤਰ੍ਹਾਂ ਦਹਿਸ਼ਤਵਾਦ ਵਿੱਚ ਉਲਝ ਗਿਆ ਹੈ ਅਤੇ ਅਫਗਾਨਿਸਤਾਨ ਅੰਦਰ, ਅਮਰੀਕਾ ਅਤੇ ਨਾਟੋ ਦੀਆਂ ਫੌਜਾਂ ਨੂੰ ਮੰਨਣਾ ਪਿਆ ਹੈ ਕਿ ਉਨ੍ਹਾਂ ਦੀ "ਦਹਿਸ਼ਤਵਾਦ ਦੇ ਖਿਲਾਫ ਜੰਗ" ਅਸਫਲ ਹੈ। ਪਾਕਿਸਤਾਨ ਦੇ ਖਿਲਾਫ ਜੰਗ ਜਾਂ "ਦਹਿਸ਼ਤ ਦੇ ਅੱਡਿਆਂ ਉਤੇ ਸਰਜ਼ੀਕਲ ਹਮਲਾ" ਭੀ ਦਹਿਸ਼ਤਵਾਦ ਦੇ ਖਤਰੇ ਨੂੰ ਸਿਰਫ ਹੋਰ ਵਧਾਏਗਾ। ਉਨ੍ਹਾਂ ਨੇ ਧਿਆਨ ਦੁਆਇਆ ਕਿ ਲਿਬਨਾਨ ਅਤੇ ਫਿਲਸਤੀਨ ਅੰਦਰ ਸਾਮਰਾਜਵਾਦੀ ਉਤਪੀੜਨ, ਅਤੇ ਹਿੰਦੋਸਤਾਨ ਅੰਦਰ ਮੁਸਲਮਾਨਾਂ ਦੇ ਖਿਲਾਫ ਫਿਰਕੂ ਫਾਸ਼ੀਵਾਦੀ ਦਹਿਸ਼ਤ ਨੇ, ਦਹਿਸ਼ਤਵਾਦ ਦੇ ਪਨਪਣੇ ਲਈ ਇੱਕ ਜ਼ਰਖੇਜ਼ ਪ੍ਰਸਥਿਤੀ ਬਣਾਈ ਹੈ। ਉਨ੍ਹਾਂ ਨੇ ਧਿਆਨ ਦੁਆਇਆ ਕਿ ਪੋਟਾ ਅਤੇ ਟਾਡਾ ਵਰਗੇ ਫਾਸ਼ੀਵਾਦੀ ਕਾਨੂੰਨਾਂ ਦੇ ਅਨੁਭਵ ਨੇ

ਬਾਕੀ ਸਫਾ 18 'ਤੇ

---

## ਓਬਾਮਾ...

**ਸਫਾ 8 ਦੀ ਬਾਕੀ**

ਵਕਤ ਹੀ ਬਤਾਏਗਾ। ਉਹਨੂੰ ਅਮਰੀਕਾ ਅਤੇ ਦੂਸਰੀਆਂ ਸਾਮਰਾਜਵਾਦੀ ਤਾਕਤਾਂ ਵਿਚਕਾਰ, ਸਾਮਰਾਜਵਾਦ ਅਤੇ ਲੋਕਾਂ ਵਿਚਕਾਰ ਅਤੇ ਪੂੰਜੀ ਅਤੇ ਉਜ਼ਰਤ (ਮਿਹਨਤ) ਵਿਚਕਾਰ ਵਸਤੂਗਤ ਅੰਤਰ-ਵਿਰੋਧਾਂ ਦਾ ਸਾਹਮਣਾ ਕਰਨਾ ਪਏਗਾ। ਅਮਰੀਕੀ ਜਨਤਾ ਦੀ ਮੂਲਭੂਤ ਪ੍ਰੀਵਰਤਨ ਦੀ ਤਾਂਘ, ਜਿਹਦੇ ਕਰਕੇ ਉਨ੍ਹਾਂ ਨੇ ਉਸਨੂੰ ਵੋਟਾਂ ਦਿੱਤੀਆਂ ਹਨ, ਉਸ ਚੁਣੌਤੀ ਦਾ ਵੀ ਉਹਨੂੰ ਸਾਹਮਣਾ ਕਰਨਾ ਪਏਗਾ। ■

## ਮੁੰਬਈ 'ਚ ਦਹਿਸ਼ਤੀ ਹਮਲੇ:

# ਇੱਕ ਹੋਕੇ ਰਾਜਨੀਤਕ ਪ੍ਰਕ੍ਰਿਆ ਨੇ ਨਵੀਂਕਰਣ ਲਈ ਸੰਘਰਸ਼ ਕਰੋ!

### ਲੋਕ ਰਾਜ ਸੰਗਠਨ, ਮਹਾਰਾਸ਼ਟਰ ਸਮਿਤੀ ਦਾ ਬਿਆਨ, 6 ਦਸੰਬਰ 2008

ਨਾਗਰਿਕਾਂ ਦੇ ਸੁੱਖ ਅਤੇ ਸੁਰੱਖਿਆ ਸੁਨਿਸਚਿਤ ਕਰਨਾ, ਦੇਸ਼ ਤੇ ਸ਼ਾਸ਼ਨ ਕਰਨ ਵਾਲਿਆਂ ਦੀ ਜਿਮੇਵਾਰੀ ਹੈ, ਜੋ ਅੱਜ ਅਸਾਡੀ ਵੱਡੀ ਚਿੰਤਾ ਦਾ ਵਿਸ਼ੇ ਹੈ। ਇਸ ਬੁਨਿਆਦੀ ਜਿਮੇਂਵਾਰੀ ਨੂੰ ਨਿਭਾਉਣ 'ਚ ਸ਼ਾਸ਼ਕ ਅਤੇ ਉਨ੍ਹਾਂ ਦੀਆਂ ਸੱਭ ਪਾਰਟੀਆਂ ਪੂਰੀ ਤਰ੍ਹਾਂ ਨਕਾਮ ਰਹੀਆਂ ਹਨ। ਹੁਣ ਸਮਾਂ ਉਨ੍ਹਾਂ ਸੱਭ ਬੁਨਿਆਦੀ ਮੁੱਦਿਆਂ ਉਤੇ ਚਿੰਤਨ ਕਰਨ ਦਾ ਹੈ, ਜੋ ਸਾਨੂੰ ਸਤਾ ਰਹੇ ਹਨ।

- ਸਾਡੀ ਜੀਵਿਕਾ ਅਤੇ ਸੁਰੱਖਿਆ ਉਤੇ ਅਸਰ ਪਾਉਣ ਵਾਲੀਆਂ ਸਰਬਜਨਕ ਨੀਤੀਆਂ ਨੂੰ ਪ੍ਰਭਾਵਿਤ ਕਰਨ 'ਚ ਅਸੀਂ ਅਸਮਰਥ ਹਾਂ।
- ਮੁੱਠੀ-ਭਰ ਸੁਆਰਥੀ ਪੂੰਜੀਪਤੀ ਘਰਾਣਿਆ ਦੇ ਰਾਜ ਨੂੰ ਮਾਨਤਾ ਪ੍ਰਦਾਨ ਕਰਨ ਲਈ ਵੋਟ ਬੈਂਕ ਬਣਨ ਤੋਂ ਅਸੀਂ ਤੰਗ ਆ ਚੁੱਕੇ ਹਾਂ। ਜਦਕਿ ਸਾਡੀ ਭੂਮਿਕਾ ਪੰਜ ਸਾਲ ਵਿੱਚ ਇੱਕ ਬਾਰ ਵੋਟ ਦੇਕੇ ਇਹ ਤੈਅ ਕਰਨ ਤਕ ਹੀ ਸੀਮਿਤ ਹੈ ਕਿ ਅਗਲੇ ਪੰਜ ਸਾਲ, ਸਾਡੇ ਉਤੇ ਕਿਹੜੀ ਪਾਰਟੀ ਰਾਜ ਕਰੇਗੀ।
- ਵੋਟ ਵਟੋਰਨ ਲਈ ਅਪਰਾਧ ਕਰਨ ਵਾਲੀਆਂ ਪਾਰਟੀਆਂ ਤੋਂ ਅਸੀਂ ਤੰਗ ਆ ਚੁੱਕੇ ਹਾਂ।
- ਸਾਨੂੰ ਐਸੀ ਵਿਵਸਥਾ ਦੀ ਕੋਈ ਜਰੂਰਤ ਨਹੀਂ ਹੈ, ਜਿਸ ਅੰਦਰ ਪ੍ਰਤੀਨਿਧੀ ਸਿਰਫ ਆਪਣੀਆਂ ਰਾਜਨੀਤਕ ਪਾਰਟੀਆਂ ਦੇ ਪ੍ਰਤੀ ਹੀ ਜਵਾਬਦੇਹ ਹਨ, ਅਤੇ ਇਸ ਲਈ ਵੋਟ ਦੇਣ ਵਾਲਿਆਂ ਦੀ ਪ੍ਰਤੀਨਿਧਤਾ ਨਹੀਂ ਕਰਦੇ।
- ਸਾਨੂੰ ਐਸੀ ਰਾਜਨੀਤਕ ਵਿਵਸਥਾ ਨਹੀਂ ਚਾਹੀਦੀ ਜਿਸ ਅੰਦਰ ਉਮੀਦਵਾਰ ਖੜੇ ਕਰਨ ਦਾ ਅਧਿਕਾਰ ਰਾਜਨੀਤਕ ਪਾਰਟੀਆਂ ਨੇ ਹਥਿਆ ਲਿਆ ਹੈ।
- ਸਾਨੂੰ ਐਸੀ ਰਾਜਨੀਤਕ ਵਿਵਸਥਾ ਨਹੀਂ ਚਾਹੀਦੀ, ਜੋ ਪਾਰਟੀਆਂ ਨੂੰ ਸਭ ਤੋਂ ਤਾਕਤਵਰ ਆਰਥਿਕ ਹਿੱਤਾਂ ਦੀ ਸੇਵਾ ਕਰਨ ਦੀ ਇਜ਼ਾਜ਼ਿਤ ਦਿੰਦੀ ਹੈ।
- ਅਸੀਂ ਇਹ ਨਹੀਂ ਭੁੱਲ ਸਕਦੇ ਕਿ ਮੁਬੰਈ ਦਹਿਸ਼ਤੀ ਹਮਲਿਆਂ ਤੋਂ ਪਹਿਲਾਂ, ਸਾਡੇ ਉਤੇ ਆਰਥਿਕ ਦਹਿਸ਼ਤਵਾਦ ਲੱਦਿਆ ਗਿਆ ਸੀ, ਜਦ (ੳ) ਜਰੂਰੀ ਵਸਤਾਂ, ਖਾਸ ਤੌਰ ਤੇ ਖਾਧ ਸਮੱਗਰੀਆਂ ਦੇ ਮੁੱਲ ਅਸਮਾਨ ਛੂਹਣ ਲੱਗੇ, (ਅ) ਲੱਖਾਂ ਦੀਆਂ ਨੌਕਰੀਆਂ ਗਈਆਂ ਅਤੇ ਰੁਜ਼ਗਾਰ ਦੀ ਅਸੁੱਰਖਿਆ ਵਧੀ (ੲ) ਹਜਾਰਾਂ ਕਿਸਾਨਾਂ ਨੂੰ ਖੁਦਕੁਸ਼ੀ ਕਰਨੀ ਪਈ, (ਸ) ਸੇਜ਼ ਆਦਿ ਲਈ ਜ਼ਮੀਨ ਹੜੱਪਣਾ ਆਮ ਗੱਲ ਬਣ ਗਈ ਸੀ।
- ਸਾਡੀ ਇੱਛਾ ਹੈ ਕਿ ਸਮਾਜ ਦੀ ਦਿਸ਼ਾ ਤੈਅ ਕਰਨ ਵਿੱਚ ਲੋਕਾਂ ਦੀ ਫੈਸਲਕੁੰਨ ਭੂਮਿਕਾ ਹੋਵੇ। ਅੱਜ ਦਾ ਸੰਕਟ ਯਥਾਸਥਿਤੀ ਨੂੰ ਬਦਲਕੇ, ਵਿੱਚ ਨਵੀਂ ਰਾਜਨੀਤਕ ਪ੍ਰਕ੍ਰਿਆ ਸਥਾਪਤ ਕਰਨ ਦੀ ਨਵੀਂ ਦਿਸ਼ਾ 'ਚ ਵਧਣ ਦਾ ਮੌਕਾ ਹੈ, ਜਿਸ ਅੰਦਰ ਰਾਜਨੀਤਕ ਪਾਰਟੀਆਂ ਰਾਜਸੱਤਾ ਉਤੇ ਕਬਜ਼ਾ ਨਾ ਜਮਾਉਣ, ਬਲਕਿ ਲੋਕਾਂ ਦੇ ਨਿਅੰਤਰਣ ਹੇਠ ਕੰਮ ਕਰਨ ਅਤੇ ਉਨ੍ਹਾਂ ਪ੍ਰਤੀ ਜਵਾਬਦੇਹ ਰਹਿਣ।

ਆਓ, ਆਪਾਂ ਕੰਮ ਦੀਆਂ ਜਗ੍ਹਾਵਾਂ ਅਤੇ ਰਹਾਇਸ਼ੀ ਇਲਾਕਿਆਂ ਵਿੱਚ ਲੋਕਾਂ ਦੀਆਂ ਮਤਦਾਨ ਖੇਤਰ ਸਮਤੀਆਂ ਸਥਾਪਿਤ ਕਰੀਏ !

ਚਲੋਂ ਆਪਾਂ ਲੋਕਾਂ ਦੀਆਂ ਮਤਦਾਤਾ ਸੰਘ ਸਮਤੀਆਂ ਨੂੰ ਨਿਮਨਲਿਖਿਤ ਦੇ ਲਈ ਜਿਮੇਵਾਰੀ ਸੌਂਪੀਏ :

- ਚੋਣਾ ਲਈ ਲੋਕਾਂ ਦੇ ਉਮੀਦਵਾਰ ਚੁਣਕੇ ਖੜੇ ਕਰਨਾ
- ਚੁਣੇ ਹੋਏ ਪ੍ਰਤੀਨਿਧਾਂ ਨੂੰ ਸਾਡੇ ਜੀਵਨ ਉਤੇ ਅਸਰ ਪਾਉਣ ਵਾਲੀਆਂ ਸਭ ਨੀਤੀਆਂ ਬਾਰੇ ਸਾਡੇ ਤੋਂ ਮਸ਼ਵਰਾ ਲੈਣ ਲਈ ਪ੍ਰਤੀਬਧ ਬਣਾਉਣਾ
- ਲੋਕਾਂ ਲਈ ਕੀਤੇ ਗਏ ਕਾਰਜ਼ਾਂ ਦਾ ਨਿਯਮਤ ਬਿਊਰਾ ਲੈਣਾ
- ਜਰੂਰਤ ਪੈਣ ਤੇ, ਚੁਣੇ ਹੋਏ ਪ੍ਰਤੀਨਿਧ ਨੂੰ ਬਰਖਾਸਤ ਕਰਨਾ
- ਪੁਲਿਸ, ਨੌਕਰਸ਼ਾਹੀ ਅਤੇ ਨਿਆਂਪਾਲਿਕਾ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਉਣਾ
- ਨਵੇਂ ਕਨੂੰਨਾਂ ਲਈ ਅਤੇ ਪੁਰਾਣੇ ਕਨੂੰਨਾਂ ਵਿੱਚ ਤਬਦੀਲੀਆਂ ਕਰਨ ਲਈ ਪ੍ਰਸਤਾਵ ਰੱਖਣਾ। ■

## ਵਿਧਾਨ ਸਭਾਵਾਂ ਦੀਆਂ ਚੋਣਾਂ...

**ਸਫਾ 4 ਦੀ ਬਾਕੀ**

ਨੂੰ ਗੰਭੀਰਤਾਪੂਰਬਕ ਟੱਕਰ ਦੇ ਸਕੇ, ਇਹ ਇੱਕ ਮਹੱਤਵਪੂਰਨ ਸ਼ੁਰੂਆਤੀ ਕਦਮ ਹੈ ਇਸ ਤੋਂ ਇਹ ਦਿਸਦਾ ਹੈ ਕਿ ਬਹੁਤ ਸਾਰੀਆਂ ਕਠਨਾਈਆਂ ਦੇ ਬਾਵਯੂਦ, ਵਰਤਮਾਨ ਵਿਵਸਥਾ ਅਤੇ ਸਮਾਜ ਦੀ ਦਿਸ਼ਾਂ ਨੂੰ ਚੁਣੌਤੀ ਦੇਣ ਦੇ ਲਈ, ਚੋਣਾਂ ਦੇ ਮੰਚ ਦਾ ਇਸਤੇਮਾਲ ਕਰਨਾ ਮੁਮਕਿਨ ਹੈ।

ਜਿਵੇਂ-ਜਿਵੇਂ ਆਰਥਿਕ ਸੰਕਟ ਗਹਿਰਾਉਂਦਾ ਜਾਏਗਾ, ਜਿਵੇਂ-ਜਿਵੇਂ ਹੁਕਮਰਾਨ ਜਮਾਤ ਦੀਆਂ ਪਾਰਟੀਆਂ ਦੇ ਆਪਸੀ ਝਗੜੇ ਤੇਜ਼ ਹੁੰਦੇ ਜਾਣਗੇ, ਤਿਵੇਂ-ਤਿਵੇਂ ਪੂੰਜੀਪਤੀਆਂ ਦੇ ਲੋਕਤੰਤਰ ਅਤੇ ਪੂੰਜੀਵਾਦੀ ਸੁਧਾਰਾਂ ਦਾ ਬਦਲਾਅ, ਮਿਹਨਤਕਸ਼ ਜਨਤਾ ਦਾ ਬਦਲਾਅ ਉਸਾਰਨ ਅਤੇ ਉਸਨੂੰ ਮਜਬੂਤ ਕਰਨ ਦੇ ਬਹੁਤ ਸਾਰੇ ਮੌਕੇ ਆਉਣਗੇ। ਇਹ, ਕਮਿਊਨਿਸਟਾਂ ਅਤੇ ਸਭਨਾਂ ਪ੍ਰਗਤੀਸ਼ੀਲ ਲੋਕਾਂ ਦੇ ਸਾਹਮਣੇ ਉਤਸ਼ਾਹਜਨਕ ਅਤੇ ਚੁਣੌਤੀ ਭਰਿਆ ਕਾਰਜ ਹੈ। ਅੱਜ ਇਹ ਵਕਤ ਦੀ ਮੰਗ ਹੈ ਕਿ ਅਸੀਂ, ਪੂੰਜੀਪਤੀਆਂ ਦੇ ਸ਼ਾਸਨ ਅਤੇ ਉਨ੍ਹਾਂ ਦੇ ਖਤਰਨਾਕ ਰਸਤੇ ਦੇ ਅਸਲੀ ਬਦਲਾਅ ਦੀ ਉਸਾਰੀ ਕਰੀਏ! ■

**Internet Edition of**
Mazdoor Ekta Lehar (Hindi web site)
& People's Voice at www.cgpi.org, e-mail:mail@cgpi.org

**People's Voice** (Fortnightly)
Annual Contribution: Rs. 200 (within India), US $ 25 (abroad) Send Cheque/Demand Draft in the name of: Lok Awaz Publishers and Distributors, E-392, Sanjay Colony, Okhla Phase - II, New Delhi - 110 020

### ਲੋਕਾਂ ਨੂੰ ਅੜੋ-ਫਾੜ ਅਤੇ ਸ਼ਕਤੀਹੀਣ ਕਰਨ ਲਈ:

# "ਹਿੰਦੂ ਦਹਿਸ਼ਤ" ਅਤੇ "ਮੁਸਲਿਮ ਦਹਿਸ਼ਤ" ਬਾਰੇ ਢੰਡੋਰਾ, ਹਾਕਮ ਜਮਾਤ ਦੀ ਚਾਲ ਹੈ!

ਪਿਛਲੇ ਦਿਨਾਂ ਤੋਂ ਟੀ.ਵੀ. ਅਤੇ ਅਖ਼ਬਾਰਾਂ ਵਿੱਚ "ਹਿੰਦੂ ਦਹਿਸ਼ਤ" ਅਤੇ "ਮੁਸਲਿਮ ਦਹਿਸ਼ਤ" ਦੇ ਬਾਰੇ ਬਹੁਤ ਕੁਛ ਕਿਹਾ ਜਾ ਰਿਹਾ ਹੈ। ਇੱਕ ਵਿਸਤ੍ਰਿਤ ਸਾਜ਼ਿਸ਼ ਦਾ ਬਿਓਰਾ ਦਿੱਤਾ ਜਾ ਰਿਹਾ ਹੈ, ਜਿਸ ਅੰਦਰ ਵੱਖ-ਵੱਖ ਹਿੰਦੂ ਗਿਰੋਹ, ਸਾਧਵੀਆਂ, ਸਾਧੂ ਅਤੇ ਕਾਰਯਰਤ ਅਤੇ ਸੇਵਾ ਨਿਵਰਤ ਫੌਜੀ ਅਫਸਰ ਸ਼ਾਮਲ ਹਨ। ਸਾਨੂੰ ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਗਿਰੋਹਾਂ ਨੇ ਮਾਲੇਗਾਂਵ ਅਤੇ ਦੂਸਰੇ ਥਾਵਾਂ ਤੇ ਹੋਏ ਬੰਬ ਵਿਸਫੋਟਾਂ ਨੂੰ ਅਯੋਜਿਤ ਕੀਤਾ ਸੀ। ਹਰ ਰੋਜ਼ ਇਸ ਮਾਮਲੇ ਦੀ ਜਾਂਚ ਕਰ ਰਹੇ ਅਤੰਕਵਾਦ-ਵਿਰੋਧੀ ਟੁਕੜੀ (ਏ.ਟੀ.ਐਸ.) ਦੇ ਪ੍ਰਵਕਤਾ ਇਨ੍ਹਾਂ ਵਿਅਕਤੀਆਂ ਦੇ ਕਾਰਨਾਮਿਆਂ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਕਹਾਣੀਆਂ ਮੀਡੀਆ ਨੂੰ ਦੱਸਦੇ ਹਨ, ਪ੍ਰੰਤੂ ਬੰਬ ਵਿਸਫੋਟਾਂ ਨਾਲ ਇਨ੍ਹਾਂ ਵਿਅਕਤੀਆਂ ਦੇ ਸਬੰਧਾਂ ਦਾ ਕੋਈ ਠੋਸ ਸਬੂਤ ਅਜੇ ਤਕ ਪੇਸ਼ ਨਹੀਂ ਕੀਤਾ ਗਿਆ। ਗ੍ਰਿਫਤਾਰ ਕੀਤੇ ਗਏ ਲੋਕਾਂ ਨੂੰ ਅਦਾਲਤਾਂ 'ਚ ਲਿਜਾਂਦੇ ਹੋਏ ਅਤੇ ਫਿਰ ਵਾਪਸ ਜੇਲ੍ਹ ਲਿਜਾਂਦੇ ਹੋਏ ਦਿਖਾਉਣ ਵਾਲੇ ਵੀਡੀਓ ਚਿਤਰ ਦਿਨ-ਰਾਤ ਟੀ.ਵੀ ਤੇ ਪ੍ਰਸਾਰਤ ਹੁੰਦੇ ਰਹਿੰਦੇ ਹਨ। ਕਈ ਟੀ.ਵੀ. ਚੈਨਲਾਂ ਉਤੇ ਇਨ੍ਹਾਂ ਗਤੀਵਿਧੀਆਂ ਦੇ ਬਾਰੇ ਚਰਚਾਵਾਂ ਚਲਾਈਆਂ ਜਾ ਰਹੀਆਂ ਹਨ। ਸ਼ੱਕੀ ਦੱਸੇ ਜਾ ਰਹੇ ਵਿਅਕਤੀਆਂ ਦੇ ਪੱਖ ਵਿੱਚ ਅਤੇ ਉਨ੍ਹਾਂ ਦੇ ਖਿਲਾਫ ਤਰ੍ਹਾਂ-ਤਰ੍ਹਾਂ ਦੇ ਵਿਚਾਰੇ ਦਿੱਤੇ ਜਾ ਰਹੇ ਹਨ। ਅਖੌਤੀ "ਹਿੰਦੂ ਦਹਿਸ਼ਤ" ਅਤੇ "ਮੁਸਲਿਮ ਦਹਿਸ਼ਤ" ਦੇ ਵਿਚਕਾਰ ਤੁਲਨਾ ਕੀਤੀ ਜਾ ਰਿਹੀ ਹੈ। ਐਲ.ਕੇ. ਸ਼ਡਵਾਨੀ ਅਤੇ ਭਾਜਪਾ ਦੇ ਦੂਸਰੇ ਬੁਲਾਰਿਆਂ ਨੇ ਸੰਪ੍ਰਗ ਸਰਕਾਰ ਉਤੇ ਇਹ ਦੋਸ਼ ਲਾਇਆ ਹੈ ਕਿ ਸਾਧੂਆਂ ਅਤੇ ਸਾਧਵੀਆਂ ਨੂੰ ਪੀੜਤ ਕੀਤਾ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਦੂਸਰੀ ਤਰਫ, ਮਨਮੋਹਣ ਸਿੰਘ ਨੇ ਐਲਾਨ ਕੀਤਾ ਹੈ ਕਿ ਉਸਨੂੰ ਇਸ ਗੱਲ ਤੇ "ਦੁੱਖ" ਹੋ ਰਿਹਾ ਹੈ ਕਿ ਭਾਜਪਾ ਦਹਿਸ਼ਤਵਾਦ ਦਾ ਪੱਖ ਲੈ ਰਹੀ ਹੈ, ਕਿਉਂਕਿ ਇਸ 'ਚ ਹਿੰਦੂ ਧਰਮ ਦੇ ਲੋਕ ਸ਼ਾਮਲ ਹਨ।

ਇਸ ਸਮੇ ਉਛਾਲੀਆਂ ਜਾ ਰਹੀਆਂ ਇਨ੍ਹਾਂ ਸੱਭ ਕਹਾਣੀਆਂ ਦੇ ਪਿੱਛੇ ਕੀ ਮਕਸਦ ਹੈ ? ਆਮ ਜਨਤਾ ਅਸਮਾਨ ਛੂੰਹਦੀ ਮਹਿੰਗਾਈ ਥੱਲੇ ਦੱਬਦੀ ਜਾ ਰਹੀ ਹੈ ਅਤੇ ਵਰਤਮਾਨ ਵਿਸ਼ਵ ਆਰਥਕ ਸੰਕਟ ਦੀ ਲਾ-ਮਿਸਾਲ ਮਾਰ ਜਲਦ ਹੀ ਸਾਡੇ ਉਤੇ ਪੈਣ ਵਾਲੀ ਹੈ। ਐਸੇ ਸਮੇਂ, ਹੁਕਮਰਾਨ ਜਮਾਤ ਦੀਆਂ ਪਾਰਟੀਆਂ ਆਪਸ 'ਚ ਮਿਲ-ਜੁਲਕੇ ਪੂਰੀ ਕੋਸ਼ਿਸ਼ ਕਰ ਰਹੀਆਂ ਹਨ ਕਿ ਲੋਕਾਂ ਦਾ ਧਿਆਨ ਫਿਰਕੂ ਦਹਿਸ਼ਤ ਉਤੇ ਟਿਕਿਆ ਰਹੇ ਅਤੇ ਉਸਨੂੰ ਦੇਸ਼ ਸਾਹਮਣੇ ਮੁੱਖ ਮਸਲਾ ਸਮਝਿਆ ਜਾਵੇ। ਕਿਸੇ ਵੀ ਠੋਸ ਸਬੂਤ ਤੋਂ ਬਿਨਾਂ ਹੀ, ਮੁਸਲਮਾਨ ਗਿਰੋਹਾਂ ਅਤੇ ਹਿੰਦੂ ਗਿਰੋਹਾਂ ਦਾ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ ਅਤੇ ਦੱਸਿਆ ਜਾ ਰਿਹਾ ਹੈ ਕਿ ਇਹ ਬੇਕਸੂਰ ਲੋਕਾਂ ਨੂੰ ਮਾਰਨ ਅਤੇ ਜ਼ਖਮੀ ਕਰਨ ਤੇ ਤੁਲੇ ਹੋਏ ਹਨ। ਬੀਤੇ ਅਨੁਭਵ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਕੁਛ ਲੋਕਾਂ ਨੂੰ ਜੇਲ੍ਹਾਂ 'ਚ ਬੰਦ ਕਰ ਦਿੱਤਾ ਜਾਏਗਾ, ਉਨ੍ਹਾਂ ਨੂੰ ਮਾਰਿਆ-ਕੁੱਟਿਆ ਜਾਏਗਾ, ਪ੍ਰੰਤੂ ਅਸਲੀ ਸੱਚਾਈ ਕਦੇ ਸਾਹਮਣੇ ਨਹੀਂ ਆਉਂਦੀ, ਹੱਤਿਆਕਾਂਡਾਂ ਦੇ ਅਸਲੀ ਅਯੋਜਕਾਂ ਨੂੰ ਕਦੇ ਸਜਾ ਨਹੀਂ ਦਿੱਤੀ ਜਾਂਦੀ, ਇਸ ਲਈ ਦਹਿਸ਼ਤੀ ਘਟਨਾਵਾਂ ਕਦੇ ਨਹੀਂ ਰੁਕਦੀਆਂ। ਸਿਰਫ ਖੌਫ ਅਤੇ ਦਹਿਸ਼ਤ ਦਾ ਮਹੌਲ ਪੈਦਾ ਕੀਤਾ ਜਾਂਦਾ ਹੈ, ਜਿਸਦੇ ਕਾਰਨ ਲੋਕ ਸੜਕਾਂ ਉਤੇ ਨਿਕਲਣ ਤੋਂ ਭੀ ਡਰਨ ਲੱਗਦੇ ਹਨ ਅਤੇ ਆਮ ਲੋਕਾਂ ਦੇ ਧਾਰਮਕ ਅਤੇ ਹੋਰ ਸਬੰਧਾਂ ਦੇ ਅਧਾਰ ਤੇ ਉਨਾਂ ਉਤੇ ਸ਼ੱਕ ਕੀਤੀ ਜਾਂਦੀ ਹੈ। ਐਸਾ ਮਹੌਲ, ਹੁਕਮਰਾਨ ਜਮਾਤ ਅਤੇ ਉਸਦੀਆਂ ਰਾਜਨੀਤਕ ਪਾਰਟੀਆਂ ਲਈ ਬਹੁਤ ਲਾਹੇਵੰਦ ਹੁੰਦਾ ਹੈ, ਕਿਉਂਕਿ ਉਹ ਏਦਾਂ ਦੇ ਮਹੌਲ ਅੰਦਰ ਜਨਤਾ ਦਾ "ਮਸੀਹਾ" ਬਣਕੇ ਪੇਸ਼ ਆਉਂਦੀਆਂ ਹਨ ਅਤੇ ਆਪਣੇ ਲੋਕ-ਦੋਖੀ ਪ੍ਰੋਗਰਾਮ ਨੂੰ ਲੋਕਾਂ ਉਤੇ ਨਿਰ-ਵਿਰੋਧ ਅਤੇ ਅਸਾਨੀ ਨਾਲ ਥੋਪ ਸਕਦੀਆਂ ਹਨ। ਬੀਤੇ ਦੋ ਸਾਲਾਂ ਅੰਦਰ, ਬਾਰ-ਬਾਰ ਜੋ ਬੰਬ ਵਿਸਫੋਟ ਹੋਏ ਹਨ, ਉਨ੍ਹਾਂ ਦੀ ਆੜ ਹੇਠ ਕਾਂਗਰਸ ਪਾਰਟੀ ਅਤੇ ਭਾਜਪਾ ਦਹਿਸ਼ਤਵਾਦ ਨੂੰ ਖਤਮ ਕਰਨ ਦੇ ਬਹਾਨੇ, ਦਮਨ ਦੇ ਤੰਤਰ ਨੂੰ ਹੋਰ ਵਧੇਰੇ ਮਜਬੂਤ ਕਰਨ ਅਤੇ ਨਵੇਂ ਦਮਨਕਾਰੀ ਕਨੂੰਨ ਲਿਆਉਣ ਦੇ ਪੱਖ 'ਚ ਲੋਕ-ਰਾਇ ਤਿਆਰ ਕਰਦੀਆਂ ਆਈਆਂ ਹਨ।

ਪਰ ਨਾਲ ਹੀ ਨਾਲ, ਇਸੇ ਸਮੇਂ ਕੁਛ ਨਿਰਣਾਇਕ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋ ਰਹੀਆਂ ਹਨ, ਅਤੇ ਆਮ ਚੋਣ ਵੀ ਆ ਰਹੀ ਹੈ। ਕੇਂਦਰ ਸਰਕਾਰ ਦੀ ਅਗਵਾਈ ਕਰਨ ਵਾਲੀ ਕਾਂਗਰਸ ਪਾਰਟੀ, ਕੁੱਝ ਸਮਾਂ ਪਹਿਲਾਂ, ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿੱਚ "ਇਸਲਾਮੀ ਦਹਿਸ਼ਤਵਾਦੀਆਂ" ਦਾ ਪਿੱਛਾ ਕਰਨ ਦੀ ਬੜੀ ਮੁਹਿੰਮ ਚਲਾ ਰਹੀ ਸੀ। ਪ੍ਰੰਤੂ, ਖਾਸ ਤੌਰ ਤੇ ਨਵੀਂ ਦਿੱਲੀ ਦੇ ਬਟਲਾ ਹਾਊਸ ਉਤੇ ਹਮਲੇ ਤੋਂ ਬਾਅਦ, ਘਟਨਾ ਦੇ ਸਰਕਾਰੀ ਵਿਵਰਣ ਬਾਰੇ ਬਹੁਤ ਸਾਰੇ ਸਵਾਲ ਖੜੇ ਹੋਏ ਅਤੇ ਸਰਕਾਰ ਦੇ ਅੰਦਰ ਹੀ ਕਈ ਵਿਅਕਤੀ ਘਟਨਾ ਦੀ ਗਹਿਰਾਈ ਨਾਲ ਜਾਂਚ ਕਰਨ ਦੀ ਮੰਗ ਉਠਾਉਣ ਲੱਗੇ। ਭਾਜਪਾ ਨੇ ਇਹ ਦੋਸ਼ ਲਾਇਆ ਕਿ ਕਾਂਗਰਸ ਪਾਰਟੀ "ਦਹਿਸ਼ਤਵਾਦ" ਨਾਲ "ਨਰਮੀ" ਨਾਲ ਪੇਸ਼ ਆ ਰਹੀ ਹੈ, ਕਿ ਕਾਂਗਰਸ ਪਾਰਟੀ "ਦਹਿਸ਼ਤਵਾਦ" ਦਾ ਮੁਕਾਬਲਾ ਕਰਨ ਵਿੱਚ ਨਾਕਾਮ ਰਹੀ ਹੈ। ਪ੍ਰੰਤੂ ਹੁਣ ਅਚਾਨਕ ਹੀ ਅਖੌਤੀ "ਹਿੰਦੂ ਦਹਿਸ਼ਤਵਾਦੀ" ਜ਼ਾਲ ਦਾ ਪਤਾ ਲੱਗਾ ਹੈ। ਹੁਣ ਕਾਂਗਰਸ ਪਾਰਟੀ ਭਾਜਪਾ ਉਤੇ ਉਂਗਲੀ ਉਠਾ ਰਹੀ ਹੈ ਅਤੇ ਭਾਜਪਾ ਅਤੇ ਉਸਦੇ ਸਾਥ ਜੁੜੇ ਹੋਏ ਦਲਾਂ ਨੂੰ ਦਹਿਸ਼ਤਵਾਦ ਦੇ ਸਮਰਥਕ ਕਹਿ ਰਹੀ ਹੈ। ਇਸ ਤਰ੍ਹਾਂ, ਜਦਕਿ ਦਹਿਸ਼ਤਵਾਦ ਬਾਰੇ ਇਹ ਸਾਰਾ ਸ਼ੋਰ-ਸ਼ਰਾਬਾ ਸਮੁੱਚੀ ਹੁਕਮਰਾਨ ਜਮਾਤ ਅਤੇ ਉਸਦੇ ਪ੍ਰੋਗਰਾਮ ਦੇ ਹਿੱਤ 'ਚ ਹੈ, ਤਾਂ ਪੂੰਜੀਪਤੀਆਂ ਦੀਆਂ ਦੋਨੋਂ ਮੁੱਖ ਪਾਰਟੀਆਂ ਇਸਦਾ ਫਾਇਦਾ ਉਠਾਕੇ, ਇੱਕ-ਦੂਸਰੀ ਤੋਂ ਅੱਗੇ ਨਿਕਲਣ ਦੇ ਭੀ ਪੂਰੇ ਯਤਨ ਕਰ ਰਹੀਆਂ ਹਨ।

ਸਾਡੇ ਦੇਸ਼ ਦੇ ਲੋਕਾਂ ਨੂੰ, ਹੁਕਮਰਾਨ ਜਮਾਤ ਦੀਆਂ ਇਨ੍ਹਾਂ ਪਾਰਟੀਆਂ ਦੀਆਂ ਸਾਜ਼ਿਸ਼ਾਂ ਨੂੰ ਸਮਝਣਾ ਹੋਵੇਗਾ ਕਿ ਰਾਜ ਉਤੇ ਨਿਅੰਤਰਣ ਰੱਖਣ ਵਾਲੀ ਹੁਕਮਰਾਨ ਜਮਾਤ ਹੀ ਸਾਡੇ ਲੋਕਾਂ ਵਿੱਚ ਦਹਿਸ਼ਤ ਅਤੇ ਹਿੰਸਾ ਫੈਲਾਉਣ ਵਿੱਚ ਸਭ ਤੋਂ ਅੱਗੇ ਹੈ। ਆਪਣੇ ਖੁਦਗਰਜ਼ ਹਿੱਤਾਂ ਦੀ ਰੱਖਿਆ ਕਰਨ ਲਈ, ਹੁਕਮਰਾਨ ਸਰਮਾਏਦਾਰ ਜਮਾਤ ਨੇ ਲਾ-ਮਿਸਾਲ ਅਤਿਆਚਾਰ ਕੀਤਾ ਹੈ, ਹਜਾਰਾਂ

**ਬਾਕੀ ਸਫਾ 17 'ਤੇ**

# ਮਸਲਾ ਆਰਥਿਕਤਾ ਦੀ ਦਿਸ਼ਾ ਬਦਲਣ ਦਾ ਹੈ, ਪੁਰਾਣੀ ਦਿਸ਼ਾ 'ਚ "ਨਵੀਂ ਜਾਨ ਫੂਕਣ" ਦਾ ਨਹੀਂ!

ਅੱਜ ਜਦੋਂ ਉਦਯੋਗਿਕ ਵਿਕਾਸ ਅਤੇ ਬਰਾਮਦਾਂ ਦੀ ਗਤੀ ਘਟਦੀ ਜਾ ਰਹੀ ਹੈ, ਤਾਂ ਹਿੰਦੋਸਤਾਨ ਦੀ ਸਰਕਾਰ ਵਿੱਤ ਵਿਵਸਥਾ ਵਿੱਚ ਇੱਕ "ਨਵੀਂ ਜਾਨ ਫੂਕਣ" ਦੇ ਕਦਮਾਂ ਤੇ ਵਿਚਾਰ ਕਰ ਰਹੀ ਹੈ। ਵਿੱਤ ਵਿਵਸਥਾ ਅੰਦਰ ਨਵੀਂ ਜਾਨ ਫੂਕਣ ਦਾ ਮਤਲਬ ਇਹ ਹੈ ਕਿ ਸਰਕਾਰ, ਵੱਖ-ਵੱਖ ਉਦਯੋਗਿਕ ਉਤਪਾਦਨਾਂ ਦੀ ਮੰਗ ਨੂੰ ਵਧਾਉਣ ਲਈ ਅਤੇ ਇਸ ਤਰੀਕੇ ਨਾਲ ਉਤਪਾਦਨ ਨੂੰ ਉਤਸ਼ਾਹਤ ਕਰਨ ਲਈ ਅਤੇ ਸਰਮਾਏਦਾਰਾਂ ਦੇ ਮੁਨਾਫਿਆਂ ਨੂੰ ਵਧਾਉਣ ਲਈ, ਪੈਸਾ ਖਰਚ ਕਰੇਗੀ।

ਇਹ ਮਨਮੋਹਣ ਸਿੰਘ ਜਾਂ ਸੋਨੀਆ ਗਾਂਧੀ ਦੀ ਕੋਈ ਨਵੀਂ ਕਾਢ ਨਹੀਂ ਹੈ। ਵਿਸ਼ਵ ਆਰਥਿਕ ਮੰਦੀ ਦੇ ਚਲਦਿਆਂ, ਸਾਰੀ ਦੁਨੀਆਂ ਦੀਆਂ ਸਰਕਾਰਾਂ ਐਸਾ ਹੀ ਕਰ ਰਹੀਆਂ ਹਨ। ਇਸਦਾ ਅਸਲੀ ਮਕਸਦ ਹੈ ਸਮਾਜ ਅੰਦਰ ਮੁੱਠੀ-ਭਰ ਮਾਲਦਾਰ ਉਦਯੋਗਪਤੀਆਂ, ਵਲੋਂ ਦੌਲਤ ਬਟੋਰਨ ਦੀ ਪ੍ਰੀਕ੍ਰਿਆ ਨੂੰ ਕਾਇਮ ਰੱਖਣਾ। ਇਨ੍ਹਾਂ ਕਦਮਾਂ ਨਾਲ ਆਰਥਿਕਤਾ ਦੀ ਬੁਨਿਆਦੀ ਸਮੱਸਿਆ ਦਾ ਹੱਲ ਨਹੀਂ ਹੋਏਗਾ। ਸਮੱਸਿਆ ਇਹ ਹੈ ਕਿ ਵਰਤਮਾਨ ਆਰਥਿਕਤਾ ਕੁਛ ਮੁੱਠੀਭਰ ਧਨਾਢਾਂ ਦੇ ਲਾਲਚ ਨੂੰ ਪੂਰਾ ਕਰਨ ਲਈ ਚਲਾਈ ਜਾਂਦੀ ਹੈ, ਮਿਹਨਤਕਸ਼ ਬਹੁ-ਸੰਖਿਆ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਨਹੀਂ।

ਇਹ ਮੰਨੀ ਹੋਈ ਗੱਲ ਹੈ ਕਿ ਸਾਡੀ ਅਬਾਦੀ ਦੇ ਇੱਕ ਬਹੁਤ ਬੱਡੇ ਹਿੱਸੇ ਨੂੰ ਰੋਟੀ, ਕਪੜਾ ਅਤੇ ਰਹਾਇਸ਼ ਦੀ ਬੁਨਿਆਦੀ ਨਿਯੂਨਤਮ ਜਰੂਰਤ ਪੂਰਾ ਕਰਨਯੋਗ ਪੈਸਾ ਵੀ ਨਹੀਂ ਮਿਲਦਾ। ਅਗਰ ਇਸ ਬੁਨਿਆਦੀ ਨਿਯੂਨਤਮ ਜਰੂਰਤ ਦੇ ਅੰਤਰਰਾਸ਼ਟਰੀ ਮਾਪਦੰਡ, ਜਾਣੀ ਕਿ ਦੋ ਡਾਲਰ ਪ੍ਰਤੀ ਦਿਨ ਨੂੰ ਮੰਨ ਲਿਆ ਜਾਵੇ, ਤਾਂ ਕਰੀਬ 80 ਫੀਸਦੀ ਹਿੰਦੋਸਤਾਨੀ ਲੋਕ ਇਸ ਤੋਂ ਨੀਚੇ ਹਨ। ਇਨ੍ਹਾਂ ਹਾਲਤਾਂ ਵਿੱਚ, ਜੇਕਰ ਆਰਥਿਕਤਾ ਨੇ ਸਮਾਜ ਦੀਆਂ ਜਰੂਰਤਾਂ ਪੂਰੀਆਂ ਕਰਨੀਆਂ ਹਨ ਤਾਂ ਸਭ ਤੋਂ ਪਹਿਲਾਂ ਇਸ 80 ਫੀਸਦੀ ਜਨ-ਸਮੂਹ ਦੇ ਉਪਭੋਗ ਦੀ ਸਤੱਰ ਨੂੰ ਉੱਪਰ ਚੁੱਕਣਾ ਹੋਵੇਗਾ ਪ੍ਰੰਤੂ ਘਰੇਲੂ ਉਪਭੋਗ ਬਾਰੇ ਅੰਕੜੇ (ਨਾਲ ਵਾਲਾ ਟੇਬਲ ਦੇਖੋ) ਦਿਖਾਉਂਦੇ ਹਨ ਕਿ ਸਾਡੇ ਸਮਾਜ ਅੰਦਰ ਜੋ ਸੰਵਰਧਨ (ਉਨਤੀ) ਹੋ ਰਿਹਾ ਹੈ, ਉਹ ਕਿੰਨਾ ਇਕ-ਤਰਫਾ ਹੈ।

ਖੁਰਾਕ, ਕੱਪੜਾ,ਕਿਰਾਇਆ, ਬਾਲਣ ਅਤੇ ਬਿਜਲੀ ਸਮੇਤ ਅਧਿਕਤਰ ਬੁਨਿਆਦੀ ਜਰੂਰਤਾਂ ਦਾ ਉਪਭੋਗ ਸਿਰਫ 3 ਜਾਂ 3.5 ਫੀਸਦੀ ਦੀ ਗਤੀ ਨਾਲ ਵਧਿਆ ਹੈ, ਜੋ ਕਿ ਅਬਾਦੀ ਵਿੱਚ ਵਾਧੇ ਦੀ ਗਤੀ ਤੋਂ ਥੋੜਾ ਹੀ ਵਧੇਰੇ ਹੈ। ਇਸਦਾ ਇਹ ਮਤਲਬ ਹੈ ਕਿ ਪ੍ਰਤੀ ਵਿਅਕਤੀ ਕੋਈ ਖਾਸ ਸੰਵਰਧਨ ਨਹੀਂ ਹੋਇਆ ਹੈ। ਔਸਤਨ, ਹਿੰਦੋਸਤਾਨ ਦੀ ਜਨਤਾ ਮੂਲ ਜਰੂਰਤਾਂ ਉਤੇ, ਅੱਜ ਵੀ ਲੱਗ-ਭਗ ਪ੍ਰਤੀ ਵਿਅਕਤੀ ਉਤਨਾ ਹੀ ਖਰਚ ਕਰਦੀ ਹੈ, ਜਿਤਨਾ ਕਿ 6 ਸਾਲ ਪਹਿਲਾਂ ਕਰਦੀ ਸੀ। ਇਸ ਔਸਤਨ ਅੰਕੜੇ ਤੋਂ ਇਹ ਗੱਲ ਛੁਪ ਜਾਂਦੀ ਹੈ ਕਿ ਕੁਛ ਪ੍ਰੀਵਾਰ ਪਹਿਲਾਂ ਨਾਲੋਂ ਜ਼ਿਆਦਾ ਖਰਚ ਕਰ ਰਹੇ ਹਨ, ਜਦਕਿ ਜਿਆਦਾਤਰ ਬਾਕੀ ਪ੍ਰੀਵਾਰ, ਪਹਿਲਾਂ ਨਾਲੋਂ ਘੱਟ ਖਰਚ ਕਰ ਰਹੇ ਹਨ।

ਹਵਾਈ, ਰੇਲ ਅਤੇ ਸੜਕ ਯਾਤਰਾ, ਟੈਲੀਫੋਨ ਅਤੇ ਇੰਟਰਨੈਟ, ਫਰਨੀਚਰ ਅਤੇ ਘਰੇਲੂ ਯੰਤਰਾਂ, ਸਿਖਿੱਆ, ਮਨੋਰੰਜਨ ਸਭਿਆਚਾਰ ਅਤੇ ਹੋਰ ਸੇਵਾਵਾਂ ਉਤੇ ਘਰੇਲੂ ਖਰਚ ਪ੍ਰਤੀ ਸਾਲ 10 ਜਾਂ 11 ਫੀਸਦੀ ਦੀ ਗਤੀ ਨਾਲ ਵਧ ਰਿਹਾ ਹੈ, ਜੋ ਕਿ ਸਕਲ ਘਰੇਲੂ ਉਤਪਾਦ ਦੇ ਵਾਧੇ ਦੀ ਗਤੀ ਨਾਲੋਂ ਜ਼ਿਆਦਾ ਹੈ। ਇਹ ਵੀ ਔਸਤਨ ਅੰਕੜਾ ਹੈ, ਜਿਸ ਤੋਂ ਅਲੱਗ-ਅਲੱਗ ਆਰਥਿਕ ਵਰਗਾਂ ਵਿਚਕਾਰ ਅੰਤਰ ਲੁਕ ਜਾਂਦਾ ਹੈ। ਪੂੰਜੀਪਤੀਆਂ ਅਤੇ ਮਧੱਅਮ ਵਰਗ ਦੇ ਕੁਛ ਤਬਕਿਆਂ ਨੇ ਆਪਣੇ ਉਪਭੋਗ ਨੂੰ ਵਧਾਇਆ । ਪ੍ਰੰਤੂ ਆਮ ਮਜਦੂਰਾਂ-ਮੇਹਨਤਕਸ਼ਾਂ ਦਾ ਉਪਭੋਗ ਨਹੀਂ ਵਧਿਆ,ਕਿਉਂਕਿ ਪ੍ਰੀਵਾਰ ਨੂੰ ਚੋਖੀ ਮਾਤਰਾ ਵਿੱਚ ਭੋਜਨ, ਕਪੜੇ ਅਤੇ ਰਿਹਾਇਸ਼ ਮਿਲਣ ਦੇ ਬਾਅਦ ਹੀ, ਦੂਸਰੀਆਂ ਜਰੂਰਤਾਂ ਉਤੇ ਖਰਚ ਕਰਨ ਬਾਰੇ ਸੋਚਿਆ ਜਾ ਸਕਦਾ ਹੈ।

ਮੇਹਨਤਕਸ਼ ਜਨ-ਸਮੂਹ ਗਰੀਬ ਰਿਹਾ ਹੈ ਜਾਂ ਗਰੀਬ ਬਣਦਾ ਗਿਆ ਹੈ। ਇਹ ਵਰਤਮਾਨ ਸਾਲ 2008 ਦੇ ਦੌਰਾਨ ਭੀ ਹੁੰਦਾ ਰਿਹਾ ਹੈ। ਜਰੂਰੀ ਉਪਭੋਗ ਦੀਆਂ ਸਮੱਗਰੀਆਂ ਦੀਆਂ ਕੀਮਤਾਂ ਬੜੀ ਤੇਜੀ ਨਾਲ ਵਧ ਗਈਆਂ ਹਨ, ਪ੍ਰੰਤੂ ਤਨਖਾਹਾਂ ਇਸਤੋਂ ਬਹੁਤ ਪਿੱਛੇ ਰਹਿ ਗਈਆਂ ਹਨ। ਇਸ ਲਈ 2008 ਵਿੱਚ ਸੱਭ ਵੇਤਨ-ਭੋਗੀ ਕਰਮਚਾਰੀਆਂ ਦੇ ਉਪਭੋਗ ਦੇ ਸਤੱਰ ਵਿੱਚ ਭਾਰੀ ਗਿਰਾਵਟ ਆਈ ਹੈ।

ਸੋਨੀਆ, ਮਨਮੋਹਨ, ਆਦਿ "ਵਿੱਤ ਵਿਵਸਥਾ ਅੰਦਰ ਨਵੀਂ ਜਾਨ ਫੂਕਣ" ਦੀ ਜੋ ਗੱਲ ਕਰ ਰਹੇ ਹਨ, ਉਸਦਾ ਮਤਲਬ ਹੈ ਕਿ ਸਰਕਾਰ ਅਧਾਰਭੂਤ ਢਾਂਚੇ ਉਤੇ, ਮਹਾਂ-ਮਾਰਗਾਂ, ਸ਼ਾਪਿੰਗ ਮਾਲ, ਆਫਿਸ ਕੰਪਲੈਕਸ, ਹਵਾਈ ਅੱਡੇ, ਆਦਿ ਬਣਾਉਣ ਉਤੇ ਹੋਰ ਵਧੇਰੇ ਖਰਚ ਕਰੇਗੀ। ਇਸ ਨਾਲ ਇਸਪਾਤ, ਸੀਮੈਂਟ ਅਤੇ ਨਿਰਮਾਣ ਦੀਆਂ ਵਸਤਾਂ ਦੀ ਮੰਗ ਵਧ ਜਾਵੇਗੀ ਅਤੇ ਨਿਰਮਾਣ ਕੰਪਣੀਆਂ ਅਤੇ ਤਰ੍ਹਾਂ-ਤਰ੍ਹਾਂ ਦੇ ਵਿਚੋਲਿਆਂ ਅਤੇ ਦਲਾਲਾਂ ਦੇ ਮੁਨਾਫੇ ਭੀ ਖੂਬ ਵਧਣਗੇ।

ਵੱਡੇ ਸਰਮਾਏਦਾਰ ਆਪਣੇ ਉੱਚੇ ਮੁਨਾਫਿਆਂ ਨੂੰ ਬਰਕਰਾਰ ਰੱਖਣ ਖਾਤਰ "ਵਿੱਤ ਵਿਵਸਥਾ ਵਿੱਚ ਨਵੀਂ ਜਾਨ ਫੂਕਣ" ਦੀ ਗੱਲ ਕਰ ਰਹੇ ਹਨ। ਇਹਦੇ ਨਾਲ ਅਮੀਰ ਹੋਰ ਵਧੇਰੇ ਅਮੀਰ ਹੁੰਦੇ ਜਾਣਗੇ, ਜਦਕਿ ਮਿਹਨਤਕਸ਼ ਜਨ-ਸਮੂਹ ਹੋਰ ਵਧੇਰੇ ਗਰੀਬ ਬਣਦੇ ਜਾਣਗੇ। ਅਗਰ ਮਿਹਨਤਕਸ਼ਾਂ ਦੀ ਗਰੀਬੀ ਵਧ ਜਾਂਦੀ ਹੈ ਤਾਂ ਇਸਤੋਂ ਉਤਪਾਦਕ ਤਾਕਤਾਂ ਦਾ ਹੋਰ ਵਿਨਾਸ਼ ਹੋਵੇਗਾ। ਵਰਤਮਾਨ ਆਰਥਿਕ ਮੰਦੀ ਦੀ ਮੂਲ ਵਜ੍ਹਾ ਇਹੀ ਹੈ ਕਿ ਪੂੰਜੀਪਤੀ ਕੰਪਣੀਆਂ ਜਿਨ੍ਹਾਂ ਵਸਤਾਂ ਨੂੰ ਵੇਚਣਾ ਚਾਹੁੰਦੀਆਂ ਹਨ, ਮਿਹਨਤਕਸ਼ਾਂ 'ਚ ਉਨ੍ਹਾਂ ਨੂੰ ਖ਼ੀਦਣ ਦੀ ਸਮਰੱਥਾ ਨਹੀਂ ਹੈ। ਇਸਤੋਂ ਸਾਫ ਹੋ ਜਾਂਦਾ ਹੈ ਕਿ "ਵਿੱਤ ਵਿਵਸਥਾ 'ਚ ਨਵੀਂ ਜਾਣ ਫੂਕਣ" ਦੇ ਇਨ੍ਹਾਂ ਕਦਮਾਂ ਨਾਲ ਆਰਥਿਕ ਸੰਕਟ ਹੋਰ ਵੀ ਗਹਿਰਾ ਹੋ ਜਾਵੇਗਾ।

ਇਸ ਸਮੱਸਿਆ ਦਾ ਹੱਲ ਏਹੀ ਹੈ ਕਿ ਆਰਥਿਕਤਾ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਜਾਵੇ। ਭੋਜਨ, ਕੱਪੜੇ ਅਤੇ ਹੋਰ ਜਰੂਰੀ ਵਸਤਾਂ ਦਾ ਚੋਖੀ ਮਾਤਰਾ 'ਚ ਉਤਪਾਦਨ ਕਰਨਾ ਹੋਏਗਾ ਅਤੇ ਇਨ੍ਹਾਂ ਸੱਭ ਵਸਤਾਂ ਨੂੰ ਵਾਜ਼ਬ ਮੁੱਲ 'ਤੇ ਸੱਭ ਲੋਕਾਂ ਲਈ ਮੁਹੱਇਆ ਕਰਨਾ ਹੋਵੇਗਾ।

ਦੇਸ਼ ਦੇ ਮਿਹਨਤਕਸ਼ਾਂ ਦੇ ਉਪਭੋਗ ਦੇ ਸਤੁੱਰ ਨੂੰ ਵਿਸ਼ਵ-ਉਪਭੋਗ ਸਤੁੱਰ ਦੇ ਬਰਾਬਰ ਲਿਆਉਣਾ ਹੋਏਗਾ ਅਤੇ ਇਹਦੇ ਲਈ ਸਰਕਾਰੀ ਅਤੇ ਨਿੱਜੀ ਧੰਨ ਲਗਾਉਣਾ ਹੋਏਗਾ। ਇਹ ਇੱਕ

ਬਾਕੀ ਸਫਾ 17 'ਤੇ

# ਆਰਥਕ ਮੰਦੀ ਤੇ ਉਸ ਤੋਂ ਬਚਣ ਦੇ ਉਪਾਅ

ਅੱਜਕੱਲ੍ਹ ਦੁਨੀਆਂ ਦੀ ਪੂੰਜੀਵਾਦੀ ਅਰਥਵਿਵਸਥਾ ਘੋਰ ਆਰਥਕ ਮੰਦੀ ਦੇ ਦੌਰ ਚੋਂ ਗੁਜ਼ਰ ਰਹੀ ਹੈ। ਵਿਕਰੀ ਦੇ ਘੱਟ ਹੋਣ ਦੀ ਵਜ੍ਹਾ ਨਾਲ ਦੁਨੀਆ-ਭਰ ਦੀਆਂ ਪੂੰਜੀਵਾਦੀ ਕੰਪਨੀਆਂ ਉਤਪਾਦਨ ਘਟਾ ਰਹੀਆਂ ਹਨ ਤੇ ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਰਹੀਆਂ ਹਨ। ਦੁਨੀਆਂ ਭਰ ਦੀ ਆਰਥਕ ਮੰਦੀ ਦਾ ਅਸਰ ਦੁਨੀਆ-ਭਰ ਦੇ ਪੂੰਜੀਵਾਦੀ ਦੇਸ਼ਾਂ 'ਤੇ ਹੋ ਰਿਹਾ ਹੈ। ਹਿੰਦੁਸਤਾਨ ਇਸਤੋਂ ਕੋਈ ਅਲੱਗ ਨਹੀਂ ਹੈ।

ਹਿੰਦੁਸਤਾਨ 'ਚ ਉਤਪਾਦਨ ਘੱਟ ਕਰਨ ਦੀ ਤੇ ਛਾਂਟੀ ਦੀ ਪ੍ਰਕ੍ਰਿਆ ਅਲਗ-ਅਲਗ ਖੇਤਰਾਂ 'ਚ ਸ਼ੁਰੂ ਹੋ ਗਈ ਹੈ, ਜਿਸ 'ਚ ਕੱਪੜਾ, ਗਹਿਣੇ ਆਦਿ ਦਰਾਮਦਗੀ ਉਤਪਾਦਨ, ਰਿਅਲਅਸਟੇਟ, ਖੁਦਰਾ ਵਪਾਰ, ਬੀ ਪੀ ਓ, ਮਨੋਰੰਜਨ ਆਦਿ ਸੇਵਾਵਾਂ ਸ਼ਾਮਿਲ ਹਨ। ਬਹੁਰਾਸ਼ਟਰੀ ਕੰਪਨੀਆਂ ਦੀਆਂ ਹਿੰਦੁਸਤਾਨੀ ਸ਼ਾਖ਼ਾਵਾਂ 'ਚ ਵੀ ਛਾਂਟੀ ਹੋ ਰਹੀ ਹੈ। ਕਿਉਂਕਿ ਹਰ ਮਹੀਨੇ ਨੌਕਰੀਆਂ ਦੀ ਕਟੌਤੀ ਦੇ ਬਾਰੇ 'ਚ ਕੋਈ ਵੀ ਵਿਸ਼ਵਾਸਯੋਗ ਅੰਕੜੇ ਉਪਲੱਬਧ ਨਹੀਂ ਹਨ, ਇਸ ਲਈ ਵੱਡੇ ਪੂੰਜੀਪਤੀਆਂ ਦੇ ਬੁਲਾਰੇ ਅਤੇ ਸਰਕਾਰ, ਇਸਦੇ ਬਾਰੇ 'ਚ ਬਹੁਤ ਝੂਠ ਫੈਲਾ ਰਹੇ ਹਨ। (ਇਸ ਦੇ ਬਾਰੇ ਜ਼ਿਆਦਾ ਜਾਣਕਾਰੀ ਲਈ,ਇਸੇ ਅੰਕ 'ਚ ਪੜ੍ਹੋ ਲੇਖ: ਨੌਕਰੀਆਂ ਦੀ ਛਾਂਟੀ ਦੇ ਬਾਰੇ 'ਚ ਝੂਠ ਤੇ ਡਰਾਮੇਬਾਜ਼ੀ)

ਹਾਲ ਦੇ ਵਰ੍ਹਿਆਂ 'ਚ ਹਿੰਦੁਸਤਾਨ ਤੇ ਚੀਨ ਵਰਗੇ ਕਈ ਦੇਸ਼ਾਂ 'ਚ ਨਵੀਂਆਂ ਨੌਕਰੀਆਂ ਦੀ ਸੰਖਿਆ, ਵਿਕਸਿਤ ਪੂੰਜੀਵਾਦੀ ਦੇਸ਼ਾਂ ਤੋਂ ਜ਼ਿਆਦਾ ਤੇਜ਼ੀ ਨਾਲ ਵਧੀ ਹੈ। ਦੁਨੀਆਂ ਭਰ ਦੀ ਪੂੰਜੀ ਇਨ੍ਹਾਂ ਅਰਥਵਿਵਸਥਾਵਾਂ ਵਿਚ ਆਉਂਦੀ ਰਹੀ, ਕਿਉਂਕਿ ਘੱਟ ਤਨਖਾਹ 'ਚ ਚੰਗੇ ਮਜ਼ਦੂਰਾਂ ਦੇ ਮਿਲਣ ਦੀ ਵਜ੍ਹਾ ਨਾਲ ਜ਼ਿਆਦਾ ਸ਼ੋਸ਼ਣ ਤੇ ਮੁਨਾਫ਼ਾ ਯਕੀਨੀ ਸੀ। ਚੀਨ ਤੇ ਹਿੰਦੁਸਤਾਨ ਦੇ ਮਜ਼ਦੂਰ, ਵਧਦੀ ਸੰਖਿਆ 'ਚ, ਪੱਛਮੀ ਪੂੰਜੀਵਾਦੀ ਬਾਜ਼ਾਰਾਂ ਦੇ ਲਈ ਉਤਪਾਦਨ ਤੇ ਸੇਵਾਵਾਂ ਪ੍ਰਦਾਨ ਕਰਨ ਲੱਗੇ। ਹੁਣ ਚੀਨ ਤੇ ਹਿੰਦੁਸਤਾਨ ਦੇ ਅਲਗ-ਅਲਗ ਉਦਯੋਗਾਂ 'ਚ, ਦੁਨੀਆਂ ਭਰ ਦੀ ਮੰਦੀ ਦੀ ਵਜ੍ਹਾ ਨਾਲ, ਦਰਾਮਦ ਪ੍ਰੇਰਤ ਵਾਧੇ ਦੀ ਦਿਸ਼ਾ ਪਲਟ ਗਈ ਹੈ। ਫੈਕਟਰੀਆਂ ਤੇ ਆਫਿਸ ਬੰਦ ਹੋਣ ਲੱਗੇ ਹਨ ਤੇ ਲੱਖਾਂ ਮਜ਼ਦੂਰਾਂ ਨੂੰ ਨੌਕਰੀਆਂ ਤੋਂ ਕੱਢਿਆ ਜਾ ਰਿਹਾ ਹੈ।

ਆਪਣੇ ਦੇਸ਼ 'ਚ ਪੂੰਜੀਵਾਦੀ ਵਾਧੇ ਦੀ ਤੇਜ਼ ਰਫ਼ਤਾਰ ਦਾ ਨਤੀਜਾ ਹੈ ਤੇਜ਼ੀ ਨਾਲ ਵਧਦੀ ਸਮਾਜਿਕ ਅਸਮਾਨਤਾ। ਹਿੰਦੁਸਤਾਨ ਦੇ ਸਾਰੇ ਤਬਕਿਆਂ ਦੇ ਮਜ਼ਦੂਰਾਂ ਨੇ ਇਹੀ ਦੇਖਿਆ ਹੈ ਕਿ ਕੀਮਤਾਂ ਉਨ੍ਹਾਂ ਦੀ ਤਨਖਾਹ ਤੋਂ ਬਹੁਤ ਤੇਜ਼ੀ ਨਾਲ ਵਧੀਆਂ ਹਨ। ਨਤੀਜੇ ਵਜੋਂ ਮਜ਼ਦੂਰ ਜ਼ਿਆਦਾ ਗਰੀਬ ਹੋ ਗਏ ਹਨ। ਉਨ੍ਹਾਂ ਦੀ ਮਹੀਨੇ ਦੇ ਉਪਯੋਗ ਦੀਆਂ ਜ਼ਰੂਰਤਾਂ ਤਾਂ ਵਧ ਰਹੀਆਂ ਹਨ, ਪਰ ਖਰੀਦਣ ਦੀ ਤਾਕਤ ਉਤਨੀ ਤੇਜ਼ੀ ਨਾਲ ਵਧ ਨਹੀਂ ਸਕੀ ਹੈ।

ਪਿਛਲੇ ਕਈ ਵਰ੍ਹਿਆਂ ਤੋਂ ਦੇਸ਼ ਦੇ ਕਿਸਾਨ ਬਹੁਤ ਬੁਰੇ ਹਾਲ 'ਚ ਹਨ ਕਿਉਂਕਿ ਲਾਗਤ ਵਸਤੂਆਂ ਦੀਆਂ ਕੀਮਤਾਂ ਵਧ ਰਹੀਆਂ ਹਨ, ਪਰ ਖੇਤੀ ਉਤਪਾਦ ਦੀਆਂ ਕੀਮਤਾਂ ਉਨੀ ਤੇਜ਼ੀ ਨਾਲ ਨਹੀਂ ਵਧ ਰਹੀਆਂ ਹਨ। ਹਾਲ 'ਚ ਜਦ ਖਾਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਬਹੁਤ ਵਧੀਆਂ, ਤਾਂ ਵੇਚਣ ਵਾਲਿਆਂ ਦੀ ਆਮਦਨ ਤਾਂ ਵਧੀ, ਪਰ ਜ਼ਮੀਨਾਂ ਜੋਤਣ ਵਾਲਿਆਂ ਨੂੰ ਉਸ ਦਾ ਬਹੁਤ ਛੋਟਾ ਹਿੱਸਾ ਹੀ ਮਿਲਿਆ।

ਮਜ਼ਦੂਰ ਮਿਹਨਤਕਸ਼ ਜਨਤਾ ਦੀ ਵਧਦੀ ਗਰੀਬੀ, ਦੇਸ਼ ਦੀ ਉਪਭੋਕਤਾ ਵਸਤੂਆਂ ਦੇ ਬਾਜ਼ਾਰ 'ਚ ਮੰਗ ਸੀਮਤ ਰੱਖਦੀ ਹੈ। ਇਸੇ

**ਬਾਕੀ ਸਫਾ 18 'ਤੇ**

## ਮੰਦੀ ਕੀ ਹੁੰਦੀ ਹੈ?

ਮੰਦੀ ਇਕ ਇਸ ਤਰ੍ਹਾਂ ਦੀ ਸਮੱਸਿਆ ਹੈ ਜੋ ਪੂੰਜੀਵਾਦੀ ਵਿਵਸਥਾ ਦੀ ਵਿਸ਼ੇਸ਼ਤਾ ਹੈ। ਇਸ ਵਿਵਸਥਾ 'ਚ ਉਤਪਾਦਨ ਦਾ ਉਦੇਸ਼ ਇਹੀ ਹੈ ਕਿ ਪੂੰਜੀਪਤੀ ਵਰਗ ਜ਼ਿਆਦਾ ਮੁਨਾਫੇ ਬਣਾਉਣ। ਪੂੰਜੀਵਾਦ ਦੇ ਅੱਜ ਦੇ ਪੜਾਅ 'ਚ ਇਜ਼ਾਰੇਦਾਰ ਪੂੰਜੀਪਤੀਆਂ ਦਾ ਵੇਚਣ ਵਾਲੀਆਂ ਵਸਤੂਆਂ ਦੇ ਬਾਜ਼ਾਰ 'ਤੇ ਅਤੇ ਉਧਾਰ 'ਤੇ ਕਬਜ਼ਾ ਹੈ। ਮੁਨਾਫੇ ਦੀ ਜ਼ਿਆਦਾ ਦਰ ਤੋਂ ਘੱਟ ਲੈਣਾ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੈ। ਬਹੁਤ ਛੋਟੀ ਘੱਟਗਿਣਤੀ ਦੇ ਹੱਥਾਂ 'ਚ ਜ਼ਿਆਦਾ ਮੁਨਾਫ਼ਾ ਕੇਂਦਰਤ ਕਰਨ ਦਾ ਮਤਲਬ ਹੈ ਮਿਹਨਤਕਸ਼ ਬਹੁਗਿਣਤੀ ਦੀ ਮਜ਼ਦੂਰੀ ਦਾ ਜ਼ਿਆਦਾ ਸ਼ੋਸ਼ਣ ਤੇ ਗਰੀਬੀ 'ਚ ਵਾਧਾ। ਇਸ ਦੀ ਵਜ੍ਹਾ ਨਾਲ ਉਤਪਾਦਨ ਸਮਰੱਥਾ ਵਧਦੀ ਜਾਂਦੀ ਹੈ, ਜਦ ਕਿ ਬਾਜ਼ਾਰ 'ਚ ਖਰੀਦਣ ਦੀ ਮਜ਼ਦੂਰ ਮਿਹਨਤਕਸ਼ ਜਨਤਾ ਦੀ ਤਾਕਤ ਸੀਮਤ ਹੁੰਦੀ ਹੈ। ਇਸ ਨਾਲ ਵਾਰ-ਵਾਰ ਜ਼ਿਆਦਾ ਉਤਪਾਦਨ ਦਾ ਸੰਕਟ ਆਉਂਦਾ ਹੈ। ਜਦ ਇਸ ਤਰ੍ਹਾਂ ਦਾ ਸੰਕਟ ਆਉਂਦਾ ਹੈ, ਤਦ ਪੂੰਜੀਪਤੀ ਉਤਪਾਦਨ ਘਟਾਉਂਦੇ ਹਨ ਤੇ ਨੌਕਰੀਆਂ ਨਸ਼ਟ ਹੋ ਜਾਂਦੀਆਂ ਹਨ।

ਮਿਹਨਤਕਸ਼ ਜਨਤਾ ਦੀ ਗਰੀਬੀ ਦੀ ਵਜ੍ਹਾ ਨਾਲ ਸੰਕਟ ਆਉਂਦਾ ਹੈ। ਅਤੇ ਆਮ ਤੌਰ 'ਤੇ ਪੂੰਜੀਪਤੀ ਵਰਗ ਇਸ ਦੇ ਬਾਰੇ 'ਚ ਜੋ ਕਦਮ ਚੁੱਕਦਾ ਹੈ, ਉਸ ਨਾਲ ਮਿਹਨਤਕਸ਼ ਜਨਤਾ ਦੀ ਗਰੀਬੀ ਹੋਰ ਵਧਦੀ ਹੈ।

ਅਮਰੀਕਾ 'ਚ ਪਿਛਲੇ 5 ਸਾਲਾਂ 'ਚ ਮਜ਼ਦੂਰ ਵਰਗ ਦੀ ਗਰੀਬੀ ਲਗਾਤਾਰ ਵਧਦੀ ਜਾ ਰਹੀ ਹੈ। ਇਸ ਦੇ ਨਾਲ-ਨਾਲ ਗਾਹਕਾਂ ਨੂੰ ਉਧਾਰਤੇ ਘਰ ਖਰੀਦਣ ਦੇ ਲਈ ਸ਼ੁਰੂਆਤ 'ਚ ਸਸਤਾ ਕਰਜ਼ਾ ਦਿਵਾਉਣ ਦੀ ਮੰਗ ਵਧਦੀ ਰਹੀ। ਇਸ ਨਾਲ ਕੁਝ ਅਰਸਾ ਤੱਕ ਤਾਂ ਮੰਗ 'ਚ ਵਾਧਾ ਹੁੰਦਾ ਰਿਹਾ। ਵਰਤਮਾਨ ਸੰਕਟ ਲੋਕਾਂ ਨੂੰ ਇਕ ਨਵੇਂ ਮੋੜ 'ਤੇ ਲੈ ਆਇਆ ਹੈ, ਜਦ ਮਿਹਨਤਕਸ਼ ਲੋਕ, ਉਧਾਰ ਖਰੀਦਣ ਤੋਂ ਅਤੇ ਕਰਜ਼ਾ ਲੈਣ ਤੋਂ ਕਤਰਾਉਣ ਲੱਗੇ ਹਨ। ਇਸ ਦੀ ਵਜ੍ਹਾ ਨਾਲ ਖਰੀਦੀਆਂ ਜਾਣ ਵਾਲੀਆਂ ਚੀਜ਼ਾਂ ਦਾ ਬਾਜ਼ਾਰ ਬਹੁਤ ਸੁਕੜ ਗਿਆ ਹੈ ਤੇ ਲੱਖਾਂ ਲੋਕ ਨੌਕਰੀਆਂ ਗਵਾ ਚੁੱਕੇ ਹਨ।

ਅਮਰੀਕਾ 'ਚ ਹਰ ਮਹੀਨੇ ਕਿੰਨੀਆਂ ਨੌਕਰੀਆਂ ਜਾਂਦੀਆਂ ਹਨ, ਇਸ ਦੇ ਅੰਕੜੇ ਉਪਲੱਬਧ ਹਨ। ਉਨ੍ਹਾਂ ਹਵਾਲਿਆਂ ਦੇ ਅਨੁਸਾਰ, ਅਗਸਤ 'ਚ 1,27,000 ਨੌਕਰੀਆਂ ਨਸ਼ਟ ਹੋਈਆਂ ਤੇ ਉਨ੍ਹਾਂ ਦੀ ਸੰਖਿਆ ਵਧ ਕੇ ਸਤੰਬਰ 'ਚ 1,60,000 ਤੱਕ ਪਹੁੰਚੀ। 2008 'ਚ ਹੁਣ ਤੱਕ 12 ਲੱਖ ਲੋਕ ਨੌਕਰੀਆਂ ਗਵਾ ਚੁੱਕੇ ਹਨ। ਇਸ 'ਚ ਵਿਨਿਰਮਾਣ 'ਚ 90,000, ਨਿਰਮਾਣ ਉਦਯੋਗ 'ਚ 49,000, ਖੁਦਰਾ ਵਪਾਰ 'ਚ 38,000 ਤੇ ਪੇਸ਼ੇਵਰ ਤੇ ਧੰਦੇਵਾਰ ਸੇਵਾਵਾਂ 'ਚ 45,000 ਦਾ ਸਮਾਵੇਸ਼ ਹੈ। ਅਧੀਕ੍ਰਿਤ ਬੇਰੋਜ਼ਗਾਰੀ ਦਾ ਨਤੀਜਾ ਪਿਛਲੇ 14 ਵਰ੍ਹਿਆਂ 'ਚ ਸਭ ਤੋਂ ਜ਼ਿਆਦਾ ਹੈ। ■

# ਵਾਜਬ ਕੀਮਤਾਂ ’ਤੇ ਖਾਣ ਵਾਲੇ ਪਦਾਰਥ ਮੁਹੱਈਆ ਕਰਾਉਣ ਦੇ ਲਈ ਫ਼ੌਰਨ ਕਦਮ ਚੁੱਕੇ ਜਾਣ

ਆਪਣੇ ਦੇਸ਼ ਦੇ ਬਹੁਸੰਖਿਅਕ ਲੋਕਾਂ ਦੇ ਸਾਹਮਣੇ ਸਭ ਤੋਂ ਭਖਦੇ ਪ੍ਰਸ਼ਨਾਂ ’ਚ ਇਕ ਇਹ ਹੈ ਕਿ ਖਾਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ਪਿਛਲੇ ਕਈ ਵਰ੍ਹਿਆਂ ਤੋਂ ਉਹ ਵਧ ਰਹੀਆਂ ਹਨ, ਤੇ ਖਾਸ ਕਰ ਕੇ 2008 ’ਚ ਉਹ ਜ਼ਿਆਦਾ ਰਫ਼ਤਾਰ ਨਾਲ ਵਧੀਆਂ ਹਨ। ਸਿਰਫ਼ ਕਣਕ-ਚਾਵਲ ਦੀ ਹੀ ਨਹੀਂ, ਬਲਕਿ ਦਾਲਾਂ, ਸਬਜ਼ੀਆਂ ਤੇ ਹਰ ਤਰ੍ਹਾਂ ਦੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਪਹਿਲਾਂ ਤੋਂ ਕਿਤੇ ਜ਼ਿਆਦਾ ਵਧ ਚੁੱਕੀਆਂ ਹਨ। ਕੁਝ ਮਹੀਨੇ ਪਹਿਲਾਂ ਹੀ ਜਿੰਨਾ ਖਰੀਦ ਕੇ ਖਾਂਦੇ ਸਨ, ਉਨਾ ਖਰੀਦਣ ਦੀ ਤਾਕਤ ਹੁਣ ਮਜ਼ਦੂਰ ਵਰਗ ਦੇ ਪਰਿਵਾਰਾਂ ’ਚ ਨਹੀਂ ਹੈ।

ਸਰਕਾਰ ਦਾ ਦਾਅਵਾ ਹੈ ਕਿ ਉਹ ਇਸ ਦੇ ਬਾਰੇ ’ਚ ਜ਼ਿਆਦਾ ਕੁਝ ਨਹੀਂ ਕਰ ਸਕਦੀ, ਕਿਉਂਕਿ ਇਹ ਇਕ “ਦਰਾਮਦੀ” ਸਮੱਸਿਆ ਹੈ। ਇਹ ਸਰਾਸਰ ਝੂਠ ਹੈ। ਵਿੱਤੀ ਸੰਕਟ ਦੇ ਦੌਰਾਨ ਵੱਡੀਆਂ ਕੰਪਨੀਆਂ ਦੇ ਮੁਨਾਫੇ ਸਹੀ ਸਲਾਮਤ ਰੱਖਣ ਦੇ ਲਈ ਇਸੇ ਸਰਕਾਰ ਨੇ ਕਈ ਕਦਮ ਚੁੱਕੇ ਹਨ। ਕੀ ਵਿੱਤੀ ਸੰਕਟ ਇਕ “ਦਰਾਮਦੀ” ਸਮੱਸਿਆ ਨਹੀਂ ਸੀ? ਜਦ ਵੱਡੀਆਂ ਪੂੰਜੀਵਾਦੀ ਕੰਪਨੀਆਂ ਦੇ ਮੁਨਾਫੇ ਸਹੀ ਸਲਾਮਤ ਰੱਖਣ ਦੇ ਲਈ ਇਸੇ ਸਰਕਾਰ ਨੇ ਤੇਜ਼ੀ ਨਾਲ ਕਦਮ ਚੁੱਕੇ ਹਨ, ਤਦ ਮਜ਼ਦੂਰ ਕਿਸਾਨ ਕਿਉਂ ਨਹੀਂ ਮੰਗ ਚੁੱਕ ਸਕਦੇ ਕਿ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਨੂੰ ਘਟਾਉਣ ਦੇ ਲਈ ਵੀ ਤੇਜ਼ੀ ਨਾਲ ਕਦਮ ਚੁੱਕੇ ਜਾਣ?

ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਘਟਾਉਣ ਦੇ ਲਈ ਤੇ ਉਨ੍ਹਾਂ ਨੂੰ ਭਵਿੱਖ ’ਚ ਸਥਿਰ ਰੱਖਣ ਦੇ ਲਈ ਕਈ ਕਦਮ ਚੁੱਕੇ ਜਾ ਸਕਦੇ ਹਨ। ਮਜ਼ਦੂਰਾਂ ਤੇ ਕਿਸਾਨਾਂ ਨੂੰ ਇਹ ਮੰਗ ਚੁੱਕਣੀ ਚਾਹੀਦੀ ਹੈ ਕਿ ਫ਼ੌਰੀ ਤੌਰ ‘ਤੇ ਇਸ ਤਰ੍ਹਾਂ ਦੇ ਕਦਮ ਚੁੱਕੇ ਜਾਣ। ਸਾਨੂੰ ਇਕ ਇਸ ਤਰ੍ਹਾਂ ਦੀ ਸਰਕਾਰ ਦੇ ਲਈ ਲੜਨਾ ਚਾਹੀਦਾ ਹੈ ਜੋ ਹਕੀਕਤ ‘ਚ ਇਹ ਕੰਮ ਕਰੇਗੀ।

ਪਹਿਲਾ ਕਦਮ ਇਹ ਹੈ ਕਿ ਹਰ ਤਰ੍ਹਾਂ ਦੀ ਵਾਦਾ ਬਾਜ਼ਾਰੀ ਤੇ ਸੱਟਾ ਬਾਜ਼ਾਰੀ ‘ਤੇ ਸਥਾਈ ਤੇ ਪੂਰਣ ਰੋਕ ਲਗਾਉਣੀ ਚਾਹੀਦੀ ਹੈ। ਇਹ ਇਸ ਲਈ ਕਿਉਂਕਿ ਹਾਲ ‘ਚ ਜੋ ਕੀਮਤਾਂ ਵਧੀਆਂ, ਉਹ ਮੁੱਖ ਤੌਰ ‘ਤੇ ਸੱਟਾਬਾਜ਼ੀ ਦੀ ਵਜ੍ਹਾ ਨਾਲ ਹੋਈਆਂ। ਅਧਿਕਤਮ ਨਿਜੀ ਮੁਨਾਫੇ ਹਥਿਆਉਣ ਦੇ ਲਈ ਵਪਾਰੀ ਤੇ ਵਪਾਰਕ ਕੰਪਨੀਆਂ ਖਾਣ ਵਾਲੇ ਪਦਾਰਥਾਂ ਦੀ ਸੱਟੇਬਾਜ਼ੀ ਤਾਂ ਕਰ ਹੀ ਰਹੀਆਂ ਹਨ। ਇਹ ਸਮੱਸਿਆ ਪੁਰਾਣੀ ਹੈ। ਇਸ ਦੇ ਇਲਾਵਾ ਵੱਡੀਆਂ-ਵੱਡੀਆਂ ਕੰਪਨੀਆਂ ਤੇ ਵਿੱਤੀ ਸੰਸਥਾਵਾਂ ਭਵਿੱਖ ‘ਚ ਖਾਣ ਵਾਲੇ ਪਦਾਰਥਾਂ ‘ਤੇ ਆਪਣੇ ਦਾਅਵਿਆਂ ਦੀ ਵੀ ਸੱਟੇਬਾਜ਼ੀ ਕਰ ਰਹੀਆਂ ਹਨ। ਭਵਿੱਖ ‘ਚ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਕੀ ਹੋਣਗੀਆਂ, ਇਸ ‘ਤੇ ਉਹ ਦਾਅ ਲਗਾ ਰਹੇ ਹਨ ਤੇ ਜੋ ਜ਼ਿਆਦਾ ਗਰੀਬੀ ‘ਚ ਧੱਕੇ ਜਾ ਰਹੇ ਹਨ, ਉਨ੍ਹਾਂ ਕਰੋੜਾਂ ਮਿਹਨਤਕਸ਼ਾਂ ਦੇ ਭਵਿੱਖ ਦੇ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

ਮਨਮੋਹਨ ਸਰਕਾਰ ਨੇ ਕਈ ਖਾਣ ਵਾਲੇ ਪਦਾਰਥਾਂ ਦੀ ਵਾਅਦਾ ਬਾਜ਼ਾਰੀ ‘ਤੇ ਅਸਥਾਈ ਰੋਕ ਲਗਾਈ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਵਾਅਦਾ ਬਾਜ਼ਾਰੀ ਨੁਕਸਾਨਦਾਇਕ ਹੈ, ਇਹ ਗੱਲ ਉਨ੍ਹਾਂ ਨੂੰ ਮੰਨਣੀ ਪਵੇਗੀ। ਤਦ ਇਹ ਰੋਕ ਹਰ ਇਕ ਪਦਾਰਥ ਉਤੇ ਅਤੇ ਹਮੇਸ਼ਾ ਦੇ ਲਈ ਕਿਉਂ ਨਹੀਂ ਲਗਾਉਣੀ ਚਾਹੀਦੀ? ਮੁਨਾਫਾਖੋਰਾਂ ਨੂੰ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ‘ਤੇ ਸੱਟੇਬਾਜ਼ੀ ਕਰਨ ਦੀ ਇਜਾਜ਼ਤ ਦੇਣਾ, ਕਣਕ, ਚਾਵਲ ਆਦਿ ਖਾਣ ਵਾਲੇ ਪਦਾਰਥਾਂ ‘ਤੇ ਸੱਟਾ ਖੇਡ ਕੇ ਮੁਨਾਫਾ ਬਨਾਉਣ ਦੀ ਇਜਾਜ਼ਤ ਦੇਣਾ—ਇਹ ਲੋਕਾਂ ਨੂੰ ਕਾਫ਼ੀ ਮਾਤਰਾ ‘ਚ ਤੇ ਯੋਗ ਕੀਮਤਾਂ ‘ਚ ਖਾਣ ਵਾਲੇ ਪਦਾਰਥ ਉਪਲੱਬਧ ਕਰਾਉਣ ਦੇ ਉਲਟ ਹੈ। ਇਸ ਲਈ, ਉਸ ‘ਤੇ ਥੋੜ੍ਹੇ ਦਿਨਾਂ ਦੇ ਲਈ ਹੀ ਨਹੀਂ, ਬਲਕਿ ਹਮੇਸ਼ਾ ਦੇ ਲਈ ਰੋਕ ਲਗਾਉਣਾ ਜ਼ਰੂਰੀ ਹੈ।

ਦੂਸਰਾ ਕਦਮ ਹੈ ਖਾਣ ਵਾਲੇ ਪਦਾਰਥ ਦੇ ਉਤਪਾਦਨ ਤੇ ਵਿਤਰਣ ਦੇ ਖੇਤਰ ‘ਚ ਨਿੱਜੀਕਰਣ ਤੇ ਉਦਾਰੀਕਰਣ ਨੂੰ ਰੋਕਣਾ ਤੇ ਵਾਪਸ ਲੈਣਾ। ਤੱਥ ਇਹ ਹੀ ਦੱਸਦੇ ਹਨ ਕਿ ਉਦਾਰੀਕਰਣ ਤੇ ਨਿੱਜੀਕਰਣ ਦੇ ਕਾਰਯਕ੍ਰਮ ਦੀ ਵਜ੍ਹਾ ਨਾਲ ਖਾਣ ਵਾਲੇ ਪਦਾਰਥਾਂ ਦੇ ਲੋਕਾਂ ਦੀ ਪਹੁੰਚ ਤੋਂ ਬਾਹਰ ਜਾਣ ਦੀ ਸਮੱਸਿਆ ਹੋਰ ਵੀ ਗੰਭੀਰ ਬਣ ਗਈ ਹੈ। ਖਾਧ ਪਦਾਰਥਾਂ ਦੇ ਥੋਕ ਤੇ ਖੁਦਰਾ ਵਪਾਰ ਦੇ ਖੇਤਰ, ਹਿੰਦੁਸਤਾਨੀ ਤੇ ਵਿਦੇਸ਼ੀ ਵੱਡੀਆਂ ਕੰਪਨੀਆਂ ਦੇ ਲਈ ਖੋਲ੍ਹ ਦਿੱਤੇ ਗਏ ਹਨ। ਇਹ ਕੰਪਨੀਆਂ ਤਾਂ ਸਭ ਤੋਂ ਵੱਡੇ ਸੱਟੇਬਾਜ਼ ਤੇ ਮੁਨਾਫਾਖੋਰ ਹਨ। ਵਿਦੇਸ਼ੀ ਵਪਾਰ ‘ਤੇ ਸਰਕਾਰੀ ਨਿਯੰਤਰਣ ਵੀ ਹਟਾਇਆ ਗਿਆ ਹੈ, ਜਿਸ ਨਾਲ ਖਾਣ ਦੇ ਪਦਾਰਥਾਂ ਦੇ ਦਰਾਮਦ-ਬਰਾਮਦ ਵਪਾਰ ‘ਚ ਮੁਨਾਫਾਖੋਰਾਂ ਦੇ ਲਈ ਜਗ੍ਹਾ ਵਧ ਗਈ ਗਈ ਹੈ। ਇਸ ਦਿਸ਼ਾ ਨੂੰ ਪਲਟਣ ਦਾ ਮਤਲਬ ਹੈ ਖਾਣ ਵਾਲੇ ਪਦਾਰਥਾਂ ਦੇ ਉਤਪਾਦਨ ਤੇ ਵਿਤਰਣ ਨੂੰ ਸਮਾਜਿਕ ਨਿਯਮਾਂ ਦੇ ਅਧੀਨ ਤੇ ਸਮਾਜਿਕ ਨਿਯੰਤਰਣ ‘ਚ ਲਿਆਉਣਾ।

ਤੀਸਰਾ ਕਦਮ ਹੈ, ਜੋ ਦੂਸਰੇ ਕਦਮ ਦੇ ਤੁਰੰਤ ਬਾਅਦ ਵਿਚ ਆਉਂਦਾ ਹੈ--ਸਾਰਵਜਨਿਕ ਵਿਤਰਣ ਵਿਵਸਥਾ ਨੂੰ ਵਿਸਤ੍ਰਿਤ ਕਰਨਾ, ਸਭ ਲੋਕਾਂ ਦੀਆਂ ਜ਼ਰੂਰਤਾਂ ਨੂੰ ਦਾਇਰੇ ‘ਚ ਲੈ ਕੇ ਉਸ ਨੂੰ ਕਾਰਜ ਨਿਪੁੰਨ ਬਣਾਉਣਾ ਤੇ ਹਰ ਸਥਾਨਕ ਇਲਾਕੇ ‘ਚ ਉਸ ਨੂੰ ਲੋਕਾਂ ਦੇ ਨਿਯੰਤਰਣ ‘ਚ ਲਿਆਉਣਾ। ਉਦਾਰੀਕਰਣ ਤੇ ਨਿੱਜੀਕਰਣ ਦੇ ਨਾਲ-ਨਾਲ ਸਰਬਜਨਕ ਵਿਤਰਣ ਵਿਵਸਥਾ ਬਣਾਈ ਗਈ ਸੀ, ਉਹ ਸ਼ੁਰੂਆਤ ‘ਚ ਸੀਮਤ ਸੀ। ਉਸ ‘ਚ ਸਿਰਫ਼ ਕਣਕ ਤੇ ਚਾਵਲ ਮਿਲਦਾ ਸੀ ਪਰ ਦਾਲ, ਖਾਣ ਵਾਲਾ ਤੇਲ ਤੇ ਹੋਰ ਵਸਤੂਆਂ ਨਹੀਂ। 1990 ਦੇ ਦਹਾਕੇ ਦੇ ਬਾਅਦ, ਮਿਹਨਤਕਸ਼ਾਂ ਨੂੰ “ਗਰੀਬੀ ਰੇਖਾ ਦੇ ਹੇਠਾਂ” ਤੇ “ਗਰੀਬੀ ਰੇਖਾ ਦੇ ਉੱਪਰ” (ਬੀ ਪੀ ਐਲ ਤੇ ਏ ਪੀ ਐਲ) ‘ਚ ਵੰਡ ਕੇ ਤੇ ਸਿਰਫ ਬੀ ਪੀ ਐਲ ਨੂੰ ਸਬਸਿਡੀ ਦੇ ਕੇ ਉਸ ਦੀ ਵਿਆਪਕਤਾ ਹੋਰ ਸੀਮਤ ਬਣਾਈ ਗਈ।

ਸਰਬਜਨਕ ਵਿਤਰਣ ਵਿਵਸਥਾ ਮਹਿੰਗੀ ਤੇ ਭ੍ਰਸ਼ਟ ਸੀ, ਇਸਦਾ ਫਾਇਦਾ ਚੁੱਕ ਕੇ ਉਸ ਨੂੰ ਕਮਜ਼ੋਰ ਬਣਾਉਣ ਦਾ ਕੰਮ ਪੂੰਜੀਵਾਦੀ ਸੁਧਾਰਕਾਂ ਨੇ ਕੀਤਾ। ਇਹ ਵਿਵਸਥਾ ਮਹਿੰਗੀ ਤੇ ਭ੍ਰਸ਼ਟ ਹੋਣ ਦਾ ਕਾਰਣ ਸੀ ਕਿ ਇਹ ਸੀਮਤ ਸੰਕਲਪਨਾ ‘ਤੇ ਅਧਾਰਿਤ ਸੀ ਤੇ ਇਸਨੂੰ ਭ੍ਰਸ਼ਟ ਨੌਕਰਸ਼ਾਹੀ ਚਲਾਉਂਦੀ ਸੀ।

ਪੁਰਾਣੀ ਸਰਬਜਨਕ ਵਿਤਰਣ ਵਿਵਸਥਾ ਜਿਸ ਸੰਕਲਪਨਾ ‘ਤੇ ਅਧਾਰਿਤ ਸੀ, ਉਸ ਨੂੰ ਕਹਿੰਦੇ ਹਨ “ਖਾਣ ਵਾਲੇ ਪਦਾਰਥਾਂ ਦੀ ਸੁਰੱਖਿਆ”। ਇਸ ਦੇ ਸਹਾਰੇ ਸ਼ਾਸਕ ਪੂੰਜੀਪਤੀ ਵਰਗ

**ਬਾਕੀ ਸਫ਼ਾ 16 ’ਤੇ**

# ਹਿੰਦੋਸਤਾਨ ਅਤੇ ਚੀਨ ਅੰਦਰ ਨੌਕਰੀਆਂ 'ਚ ਕਟੌਤੀਆਂ

ਹਾਲਾਂਕਿ ਚੀਨ ਅਤੇ ਹਿੰਦੋਸਤਾਨ ਦੀਆਂ ਆਰਥਿਕਤਾਵਾਂ, ਦੁਨੀਆਂ ਦੇ ਬਾਕੀ ਦੇਸ਼ਾਂ ਦੀਆਂ ਆਥਿਕਤਾਵਾਂ ਦੇ ਮੁਕਾਬਲੇ, ਤੇਜ਼ੀ ਨਾਲ ਤਰੱਕੀ ਕਰ ਰਹੀਆਂ ਹਨ, ਲੇਕਿਨ ਵਿਸ਼ਵੀ ਮੰਦਵਾੜੇ ਦੇ ਫਲਸਰੂਪ ਇਨ੍ਹਾਂ ਦੋਨਾਂ ਦੇਸ਼ਾਂ ਅੰਦਰ ਵੀ ਲੱਖਾਂ ਮਜ਼ਦੂਰ ਆਪਣੀਆਂ ਨੌਕਰੀਆਂ ਤੋਂ ਹੱਥ ਧੋ ਰਹੇ ਹਨ। ਪਿਛਲੇ ਕੁਛ ਦਹਾਕਿਆਂ ਤੋਂ, ਦੋਨਾਂ ਦੇਸ਼ਾਂ ਨੇ ਨਿੱਜੀਕਰਣ ਅਤੇ ਉਦਾਰੀਕਰਣ ਦੇ ਜ਼ਰੀਏ ਵਿਸ਼ਵੀਕਰਣ ਦੀ ਨੀਤੀ ਅਪਣਾਈ ਹੋਈ ਹੈ। ਹਿੰਦੋਸਤਾਨ ਦੇ ਮੁਕਾਬਲੇ, ਚੀਨ ਇਸ ਰਾਹ ਤੇ 15 ਸਾਲ ਪਹਿਲਾਂ ਤੁਰਿਆ ਸੀ। ਉਸਦੀ ਆਰਥਿਕਤਾ ਵਿਸ਼ਵ ਆਰਥਿਕਤਾ ਨਾਲ ਵਧੇਰੇ ਜੁੜੀ ਹੋਈ ਹੈ। ਇਸ ਲਈ, ਚੀਨ ਉਤੇ ਮੰਦਵਾੜੇ ਦਾ ਅਸਰ ਵਧੇਰੇ ਹੋਇਆ ਹੈ। ਹਿੰਦੋਸਤਾਨ ਉਤੇ ਵੀ ਇਸਦਾ ਗਹਿਰਾ ਅਸਰ ਹੋਇਆ ਹੈ, ਹਾਲਾਂਕਿ ਸਰਕਾਰੀ ਦਾਵੇ ਇਸਦੇ ਵਿਪਰੀਤ ਹਨ। ਹਿੰਦੋਸਤਾਨੀ ਆਰਥਿਕਤਾ ਜਿਤਨੀ ਵਧੇਰੇ ਵਿਸ਼ਵ ਦੀ ਪੂੰਜੀਵਾਦੀ ਆਰਥਿਕਤਾ ਨਾਲ ਜੁੜੇਗੀ, ਨੌਕਰੀਆਂ ਦੀ ਅਸੁੱਰਖਿਆ ਵੀ ਉਤਨੀ ਹੀ ਵਧ ਜਾਵੇਗੀ।

## ਹਿੰਦੋਸਤਾਨ

ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਅਜੇ ਭੀ ਦਾਵਾ ਕਰ ਰਹੇ ਹਨ ਕਿ ਵਿੱਤੀ ਸੰਕਟ ਦਾ ਪ੍ਰਭਾਵ, ਹਿੰਦੋਸਤਾਨ 'ਤੇ ਐਨਾ ਗੰਭੀਰ ਨਹੀਂ ਹੋਏਗਾ। ਇਸ ਸਾਲ ਦੀ ਸ਼ੁਰੂਆਤ ਤੋਂ ਲੈਕੇ ਹੁਣ ਤਕ, ਕਰੀਬ 10 ਲੱਖ ਨੌਕਰੀਆਂ ਨਸ਼ਟ ਹੋ ਜਾਣ ਦੇ ਬਾਵਜੂਦ ਅਜੇਹਾ ਦਾਵਾ ਕੀਤਾ ਜਾ ਰਿਹਾ ਹੈ। ਅਤੇ ਬਹੁਤ ਸਾਰੇ ਹੋਰ ਲੋਕਾਂ ਦੀਆਂ ਨੌਕਰੀਆਂ ਖਤਰੇ 'ਚ ਹਨ, ਕਿਉਂਕਿ ਅਧਿਕਤਰ ਅਰਥ-ਸ਼ਾਸਤਰੀਆਂ ਦੀ ਰਾਇ ਹੈ ਕਿ 2009 ਦਾ ਸਾਲ 2008 ਤੋਂ ਵੀ ਵਧੇਰੇ ਖਰਾਬ ਰਹੇਗਾ।

ਨੌਕਰੀਆਂ ਅਤੇ ਕੰਮ ਦੀਆਂ ਹਾਲਤਾਂ, ਦੋਨਾਂ ਤੇ ਜ਼ੋਰਦਾਰ ਹਮਲਾ ਹੋ ਰਿਹਾ ਹੈ। ਮਿਹਨਤਕਸ਼ ਲੋਕਾਂ ਉਤੇ, ਇਸਦਾ ਕਿੰਨਾ ਵਿਸਤ੍ਰਿਤ ਅਤੇ ਦਰਦਨਾਕ ਅਸਰ ਹੋ ਰਿਹਾ ਹੈ-- ਇਹ ਨਿਮਨਲਿਖਤ ਤੱਥਾਂ ਤੋਂ ਦਿਸਦਾ ਹੈ :

1. ਇਸ ਸਾਲ ਅਪ੍ਰੈਲ ਤੋਂ, ਉਤਪਾਦਨ ਘਟਣ ਦੇ ਕਾਰਨ, ਕੱਪੜਾ ਅਤੇ ਬਸਤਰ ਉਦਯੋਗ ਅੰਦਰ 7 ਲੱਖ ਨੌਕਰੀਆਂ ਖਤਮ ਹੋਈਆਂ ਅਤੇ ਆਉਂਦੇ ਮਹੀਨਿਆਂ ਵਿੱਚ ਹੋਰ 5 ਲੱਖ ਲੋਕ ਆਪਣੀਆਂ ਨੌਕਰੀਆਂ ਗੁਆ ਸਕਦੇ ਹਨ। ਕੱਪੜਾ ਮਿੱਲਾਂ, ਹਫਤੇ 'ਚ ਸਿਰਫ 3 ਜਾਂ 4 ਦਿਨ ਹੀ ਚੱਲ ਰਹੀਆਂ ਹਨ। ਦੇਸ਼ ਦੇ ਕੱਪੜਾ ਅਤੇ ਬਸਤਰ ਉਦਯੋਗ ਅੰਦਰ ਸਾਢੇ ਤਿੰਨ ਲੱਖ ਲੋਕਾਂ ਨੂੰ ਰੁਜਗਾਰ ਮਿਲਦਾ ਹੈ।
2. ਪਿਛਲੇ ਦੋ ਮਹੀਨਿਆਂ ਅੰਦਰ, ਏਸਾਰ ਸਟੀਲ, ਇਸਪਾਤ ਸਟੀਲ ਅਤੇ ਜਿੰਦਲ ਸਟੀਲ ਕੰਪਣੀਆਂ ਨੇ ਉਤਪਾਦਨ 'ਚ 20 ਤੋਂ 30 ਪ੍ਰਤੀਸ਼ਤ ਕਮੀ ਕੀਤੀ ਹੈ।
3. ਫੋਰਸ ਮੋਟਰਜ਼, ਕਿਰਲਾਸਕਰ ਆਇਲ ਇੰਜਨਸ, ਭਾਰਤ ਫੋਰਜ਼, ਥਾਈਸਨਕਰੁਪ ਇੰਡਸਟ੍ਰੀਜ਼ ਅਤੇ ਕਿਰਲਾਸਕਰ ਬ੍ਰਾਦਰਜ਼ (ਦੇਵਾਸ ਫੈਕਟਰੀ) ਹਫਤੇ 'ਚ ਸਿਰਫ 5 ਦਿਨ ਚਲਦੀਆਂ ਹਨ। ਕਿਉਂਕਿ ਅਧਿਕਤਰ ਮਜਦੂਰਾਂ ਨੂੰ ਤਨਖਾਹ, ਕੀਤੇ ਗਏ ਕੰਮ ਦੇ ਦਿਨਾਂ ਦੇ ਅਧਾਰ ਤੇ ਮਿਲਦੀ ਹੈ, ਇਸ ਲਈ ਉਨ੍ਹਾਂ ਦੀ ਮਾਸਕ ਤਨਖਾਹ ਵਿੱਚ 15 ਤੋਂ 30 ਪ੍ਰਤੀਸ਼ਤ ਕਟੌਤੀ ਹੋਈ ਹੈ।
4. ਮਾਰੂਤ, ਸੁਜ਼ੁਕੀ, ਮਹਿੰਦਰਾ ਐਂਡ ਮਹਿੰਦਰਾ ਅਤੇ ਟਾਟਾ ਮੋਟਰਜ਼ ਵਰਗੀਆਂ ਕਾਰਾਂ ਅਤੇ ਟਰੱਕ ਬਣਾਉਣ ਵਾਲੀਆਂ ਕੰਪਣੀਆਂ ਨੇ ਆਪਣੇ ਉਤਪਾਦਨ ਵਿੱਚ 15 ਤੋਂ 20 ਪ੍ਰਤੀਸ਼ਤ ਕਟੌਤੀ ਕੀਤੀ ਹੈ। ਇਸਦੇ ਨਤੀਜੇ ਵਜੋਂ, ਸਿਰਫ ਇਨ੍ਹਾਂ ਦੀਆਂ ਫੈਕਟਰੀਆਂ ਵਿੱਚ ਹੀ ਨਹੀਂ, ਬਲਕਿ ਪਾਰਟਸ ਸਪਲਾਈ ਕਰਨ ਵਾਲੀਆਂ ਫੈਕਟਰੀਆਂ ਵਿੱਚ ਵੀ ਨੌਕਰੀਆਂ ਦੀ ਕਟੌਤੀ ਹੋਈ ਹੈ। ਕਾਰਾਂ ਅਤੇ ਟਰੱਕ ਬਣਾਉਣ ਵਾਲੀਆਂ ਕੰਪਣੀਆਂ ਅੰਦਰ ਤਨਖਾਹ ਦਾ ਇੱਕ ਵੱਡਾ ਹਿੱਸਾ ਉਤਪਾਦਕਤਾ ਨਾਲ ਜੁੜਿਆ ਹੁੰਦਾ ਹੈ; ਇਸ ਲਈ ਜਦ ਉਤਪਾਦਨ ਘਟਦਾ ਹੈ ਤਾਂ ਮਜ਼ਦੂਰਾਂ ਦੀ ਆਮਦਨ ਵੀ ਘਟ ਜਾਂਦੀ ਹੈ।
5. ਸੱਭ ਤੋਂ ਪਹਿਲਾਂ ਅਸਥਾਈ (ਕੱਚੇ) ਮਜ਼ਦੂਰਾਂ ਦੀਆਂ ਨੌਕਰੀਆਂ ਖੁੱਸਦੀਆਂ ਹਨ। ਟਾਟਾ ਮੋਟਰਜ਼ ਨੇ ਆਪਣੇ 3000 ਮਜ਼ਦੂਰਾਂ ਨੂੰ ਕੰਮ ਤੇ ਨਾ ਆਉਣ ਦਾ ਆਦੇਸ਼ ਦਿੱਤਾ ਹੈ। ਭਾਰਤ ਫੋਰਜ਼ ਨੇ ਸੱਭ ਸਿਖਲਾਈ ਲੈ ਰਹੇ ਅਤੇ ਅਜ਼ਮਾਇਸ਼-ਅਧੀਨ ਮਿਸਤਰੀਆਂ ਨੂੰ ਕੱਢ ਦਿੱਤਾ ਹੈ। ਏਸਾਰ ਸਟੀਲ ਅਲੋਗਮਾ ਨੇ 200 ਕਰਮਚਾਰੀਆਂ ਨੂੰ ਵੀ.ਆਰ.ਐਸ ਦਿੱਤਾ ਹੈ। ਜੀ.ਈ. ਦੀ ਉਪਭੋਗਤਾ ਵਿੱਤ ਕੰਪਣੀ, ਜੀ.ਈ. ਮਨੀ ਨੇ, ਹਿੰਦੋਸਤਾਨ ਅੰਦਰ ਆਪਣੀਆਂ 170 ਸ਼ਾਖਾਵਾਂ 'ਚੋਂ ਕਰੀਬ 50 ਪ੍ਰਤੀਸ਼ਤ ਨੂੰ ਅਗਲੇ ਕੁਛ ਮਹੀਨਿਆਂ 'ਚ ਬੰਦ ਕਰ ਦੇਣ ਦਾ ਫੈਸਲਾ ਲਿਆ ਹੈ ਅਤੇ ਉਥੋਂ ਸੱਭ ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ।
6. ਆਈ.ਟੀ ਕੰਪਣੀਆਂ ਨੇ, ਆਪਣੇ ਮੁਨਾਫੇ ਬਰਕਰਾਰ ਰੱਖਣ ਲਈ ਕੰਮ ਦੇ ਘੰਟਿਆਂ 'ਚ ਵਾਧਾ ਕੀਤਾ ਹੈ। ਟੀ.ਸੀ.ਐਸ., ਵਿਪਰੋ ਅਤੇ ਇਨਫੋਸਿਸ ਵਿੱਚ 9 ਤੋਂ 9.5 ਘੰਟੇ ਕੰਮ ਕਰਵਾਇਆ ਜਾ ਰਿਹਾ ਹੈ। ਪ੍ਰਤੀ ਦਿਨ ਇੱਕ ਘੰਟਾ ਕੰਮ ਵਧਾਉਣ ਨਾਲ ਮਹੀਨੇ 'ਚ 22 ਘੰਟੇ ਵਾਧੂ ਕੰਮ ਹੁੰਦਾ ਹੈ ; ਕੰਪਣੀ ਨੂੰ ਬਿਨਾਂ ਕੋਈ ਖਰਚਾ ਕੀਤੇ ਪ੍ਰਤੀ ਘੰਟਾ 20 ਡਾਲਰ ਦੀ ਆਮਦਨੀ ਹੁੰਦੀ ਹੈ। ਇਸ ਲਈ ਕੰਪਣੀ ਨੂੰ ਹਰ ਮਹੀਨੇ, ਹਰੇਕ ਕਰਮਚਾਰੀ ਤੋਂ 400 ਡਾਲਰ, ਅਰਥਾਤ 22,000 ਰੁ: ਦੀ ਵਾਧੂ ਆਮਦਨੀ ਹੋ ਰਹੀ ਹੈ।
7. ਭਵਿੱਖ ਦੀ ਰੋਜਗਾਰ ਯੋਜਨਾ ਦਾ ਪਤਾ ਲਗਾਉਣ ਲਈ, 'ਇੰਡੀਆ ਟੂਡੇ-ਮਾ ਫੋਈ' ਨੇ 22 ਖੇਤਰਾਂ ਦੀਆਂ 1000 ਕੰਪਣੀਆਂ ਵਿੱਚ, ਇੱਕ ਸਰਵੇਖਣ ਕੀਤਾ। ਉਨ੍ਹਾਂ ਨੇ ਪਤਾ ਲਗਾਇਆ ਕਿ ਸਿਹਤ ਅਤੇ ਸਿੱਖਿਆ ਖੇਤਰਾਂ ਨੂੰ ਛੱਡਕੇ, ਬਾਕੀ ਸੱਭ ਖੇਤਰਾਂ ਅੰਦਰ ਨਵੇਂ ਰੋਜ਼ਗਾਰ ਵਿੱਚ ਕਟੌਤੀ ਹੋਵੇਗੀ। ਸਰਵੇਖਸ਼ਤ ਕੀਤੀਆਂ ਗਈਆਂ ਕੰਪਣੀਆਂ ਨੇ, 2008 ਵਿੱਚ 9,48,563 ਲੋਕਾਂ ਨੂੰ ਨੌਕਰੀ ਤੇ ਰੱਖਿਆ ਸੀ। ਵਿੱਤੀ ਸੰਕਟ ਤੋਂ ਪਹਿਲਾਂ ਅਕਤੂਬਰ ਮਹੀਨੇ ਵਿੱਚ, 2009 ਦੇ ਲਈ ਇਨ੍ਹਾਂ ਕੰਪਣੀਆਂ ਵਿੱਚ 9,75,313 ਹੋਰ ਕਰਮਚਾਰੀਆਂ ਦੀ ਨਿਯੁਕਤੀ ਕੀਤੇ ਜਾਣ ਦਾ ਅਨੁਮਾਨ ਸੀ। ਵਿੱਤੀ ਸੰਕਟ ਪੈਦਾ ਹੋਣ ਤੇ, ਇਨ੍ਹਾਂ ਕੰਪਣੀਆਂ ਨੇ ਨਵੀਆਂ ਨਿਯੁਕਤੀਆਂ ਵਿੱਚ 30 ਪ੍ਰਤੀਸ਼ਤ ਤੋਂ ਵਧੇਰੇ ਕਟੌਤੀ ਕਰਕੇ, ਸਿਰਫ 6,67,490 ਨਵੇਂ ਕਰਮਚਾਰੀਆਂ ਦੀ ਨਿਯੁਕਤੀ ਦੀ ਹੀ ਯੋਜਨਾ ਬਣਾਈ ਹੈ। ਸਰਵੇਖਣ ਦੇ ਅਨੁਸਾਰ, ਰਿਅਲ ਇਸਟੇਟ, ਫੁਟਕਲ ਵਪਾਰ, ਆਈ.ਟੀ., ਮੋਟਰ ਵਾਹਨਾਂ, ਹੋਟਲ ਅਤੇ ਕਪੜਾ ਉਦਯੋਗ, ਸਭ ਤੋਂ ਜ਼ਿਆਦਾ ਬੁਰੀ ਤਰ੍ਹਾਂ ਪ੍ਰਭਾਵਤ ਖੇਤਰ ਹਨ।

**ਬਾਕੀ ਸਫਾ 19 'ਤੇ**

# ਨੌਕਰੀਆਂ ਦੀ ਛਾਂਟੀ ਦੇ ਬਾਰੇ 'ਚ ਝੂਠ ਤੇ ਡਰਾਮੇਬਾਜ਼ੀ

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪੂੰਜੀਪਤੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਮਜ਼ਦੂਰਾਂ ਦੀ ਛਾਂਟੀ ਨਾ ਕਰਨ। ਵਿੱਤਮੰਤਰੀ ਚਿਤੰਦਬਰਮ ਨੇ ਘੋਸ਼ਣਾ ਕੀਤੀ ਹੈ ਕਿ ਏਸੋਚੇਮ ਤੇ ਦੂਸਰੇ ਪੂੰਜੀਪਤੀਆਂ ਦੇ ਸੰਗਠਨਾਂ ਵੱਲੋਂ ਹਿੰਦੁਸਤਾਨ 'ਚ ਨੌਕਰੀ ਤੋਂ ਕੱਢੇ ਜਾਣ ਵਾਲੇ ਲੋਕਾਂ ਦੀ ਸੰਖਿਆ ਦੇ ਅੰਕੜੇ ਗਲਤ ਹਨ। ਮਨਮੋਹਨ ਸਿੰਘ ਤੇ ਚਿਦੰਬਰਮ ਦੋਵੇਂ ਇਹ ਦਾਅਵਾ ਕਰ ਰਹੇ ਹਨ ਕਿ ਕੇਂਦਰ ਸਰਕਾਰ ਮਜ਼ਦੂਰਾਂ ਦੀਆਂ ਨੌਕਰੀਆਂ ਦੀ ਸੁਰੱਖਿਆ ਕਰੇਗੀ। ਪਰ ਤੱਥ ਤੇ ਮਜ਼ਦੂਰਾਂ ਦੇ ਅਲਗ-ਅਲਗ ਖੇਤਰਾਂ, ਜਿਥੇ ਛਾਂਟੀ ਸ਼ੁਰੂ ਹੋ ਚੁੱਕੀ ਹੈ, ਉਨ੍ਹਾਂ ਦੇ ਤਜ਼ਰਬੇ ਇਨ੍ਹਾਂ ਬਿਆਨਾਂ ਨੂੰ ਝੂਠਾ ਸਾਬਤ ਕਰਦੇ ਹਨ। ਕੱਪੜਾ ਉਦਯੋਗ, ਗਹਿਣੇ ਉਦਯੋਗ ਤੇ ਦੂਸਰੇ ਦਰਾਮਦਗੀ ਉਤਪਾਦਨ ਖੇਤਰਾਂ ਤੇ ਨਿਰਮਾਣ ਉਦਯੋਗ, ਖੁਦਰਾ ਵਪਾਰ, ਬੀ. ਪੀ. ਓ. ਮਨੋਰੰਜਨ ਤੇ ਦੂਜੇ ਸੇਵਾ ਖੇਤਰਾਂ 'ਚ ਹਜ਼ਾਰਾਂ ਦੀ ਛਾਂਟੀ ਹੋ ਚੁੱਕੀ ਹੈ।

ਕਈ ਵਰ੍ਹਿਆਂ ਤੋਂ ਮਨਮੋਹਨ ਸਿੰਘ ਤੇ ਚਿਦੰਬਰਮ ਪੂੰਜੀਵਾਦੀ ਸੁਧਾਰਾਂ ਦੀ ਵਕਾਲਤ ਕਰਦੇ ਆਏ ਹਨ। ਉਨ੍ਹਾਂ ਦੀ ਲਗਾਤਾਰ ਕੋਸ਼ਿਸ਼ ਰਹੀ ਹੈ ਕਿ ਹਿੰਦੁਸਤਾਨੀ ਪੂੰਜੀਵਾਦੀ ਕੰਪਨੀਆਂ ਨੂੰ ਬਾਜ਼ਾਰ ਦੇ ਉਤਾਰ-ਚੜਾਅ ਦੇ ਅਨੁਸਾਰ ਛਾਂਟੀ ਕਰਨ ਤੇ ਨੌਕਰੀ ਦੇਣ 'ਚ ਜ਼ਿਆਦਾ ਲਚੀਲਾਪਨ ਹੋਵੇ। ਉਹ ਤਰਕ ਦਿੰਦੇ ਹਨ ਕਿ ਇਸ ਤਰ੍ਹਾਂ ਕਰਨਾ, ਹਿੰਦੁਸਤਾਨੀ ਕੰਪਨੀਆਂ ਨੂੰ ਵਿਸ਼ਵ ਪੱਧਰ ਦੀ ਮੁਕਾਬਲੇਬਾਜ਼ੀ ਕਰਨ ਦੇ ਯੋਗ ਬਨਾਉਣ ਦੇ ਲਈ ਬਹੁਤ ਜ਼ਰੂਰੀ ਹੈ। ਫਿਰ ਹੁਣ ਉਹ ਕਿਉਂ ਨੌਕਰੀਆਂ 'ਚ ਛਾਂਟੀ ਦੇ ਖਿਲਾਫ ਬੋਲ ਰਹੇ ਹਨ? ਅਚਾਨਕ, ਕਿਉਂ ਉਨ੍ਹਾਂ ਨੂੰ ਮਜ਼ਦੂਰਾਂ ਦੀ ਭਲਾਈ ਦੀ ਚਿੰਤਾ ਸਤਾਉਣ ਲੱਗੀ ਹੈ।

ਇਸ ਦਾ ਕਾਰਣ ਕਾਂਗਰਸ ਪਾਰਟੀ ਦੀ ਚਿੰਤਾ ਹੈ ਕਿ ਆਉਣ ਵਾਲੀਆਂ ਚੋਣਾਂ ਦੇ ਪਹਿਲਾਂ, ਜੇਕਰ ਵੱਡੀ ਸੰਖਿਆ 'ਚ ਛਾਂਟੀ ਹੁੰਦੀ ਹੈ ਤਾਂ ਕਾਂਗਰਸ ਪਾਰਟੀ ਨੂੰ ਮਿਲਣ ਵਾਲੇ ਸ਼ਹਿਰੀ ਵੋਟਾਂ 'ਚ ਕਟੌਤੀ ਹੋਵੇਗੀ। ਕੇਂਦਰ ਸਰਕਾਰ ਵੱਲੋਂ ਖੇਤੀ ਤੇ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਨਜ਼ਰ-ਅੰਦਾਜ਼ ਕਰਨ ਦੀ ਵਜ੍ਹਾ ਨਾਲ, ਪੇਂਡੂ ਇਲਾਕਿਆਂ 'ਚ ਵੋਟਰ ਪਹਿਲਾਂ ਤੋਂ ਹੀ ਸਰਕਾਰ ਤੋਂ ਗੁੱਸੇ ਹਨ। ਇਸ ਹਾਲਤ 'ਚ ਸ਼ਹਿਰੀ ਵੋਟਾਂ 'ਚ ਕਟੌਤੀ ਕਾਂਗਰਸ ਦੇ ਲਈ ਵਿਸ਼ੇਸ਼ ਚਿੰਤਾ ਦਾ ਵਿਸ਼ਾ ਹੈ। ਦੂਸਰੇ ਸ਼ਬਦਾਂ 'ਚ, ਮੁਕਤ ਬਾਜ਼ਾਰ ਦੀ ਵਕਾਲਤ ਕਰਨ ਵਾਲਿਆਂ ਵੱਲੋਂ ਰੁਜ਼ਗਾਰ ਦੇ ਪ੍ਰਸ਼ਨ 'ਤੇ ਉਲਟਾ ਰੁਖ ਅਪਨਾਉਣਾ, ਸਿਰਫ਼ ਚੋਣਾਂ ਲਈ ਡਰਾਮੇਬਾਜ਼ੀ ਹੈ।

ਪੂੰਜੀਪਤੀ ਇਸ ਸਥਿਤੀ ਦਾ ਚਲਾਕੀ ਨਾਲ ਫਾਇਦਾ ਚੁੱਕ ਰਹੇ ਹਨ। "ਨੌਕਰੀਆਂ 'ਚ ਛਾਂਟੀ ਨਾ ਕਰਨ" ਦੇ ਨਾਂਅ 'ਤੇ ਉਹ ਸਰਕਾਰ ਤੋਂ ਮਨਚਾਹੀਆਂ ਰਿਆਇਤਾਂ ਲੈ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਕੰਪਨੀਆਂ ਦੇ ਮੁਨਾਫੇ ਨੂੰ ਵਧਾਉਣ ਦੇ ਲਈ ਵਿਸ਼ੇਸ਼ ਕਦਮ ਨਹੀਂ ਚੁੱਕਦੀ ਹੈ ਤਾਂ ਉਨ੍ਹਾਂ ਦੇ ਕੋਲ ਮਜ਼ਦੂਰਾਂ ਦੀ ਛਾਂਟੀ ਕਰਨੇ ਦੇ ਸਿਵਾ ਹੋਰ ਕੋਈ ਚਾਰਾ ਨਹੀਂ ਰਹੇਗਾ। ਅਰਥਾਤ ਪੂੰਜੀਪਤੀਆਂ ਤੇ ਮੰਤਰੀਆਂ ਦੇ ਵਿਚ ਇਕ ਚੰਗੀ ਤਿਆਰੀ ਦੇ ਨਾਲ ਨਾਟਕ ਕੀਤਾ ਜਾ ਰਿਹਾ ਹੈ।

ਇਸ ਨਾਟਕ ਦਾ ਪਹਿਲਾ ਦ੍ਰਿਸ਼ ਅਕਤੂਬਰ 'ਚ ਦਿਸਿਆ, ਜਦ ਜੈੱਟ ਏਅਰਵੇਜ਼ ਨੇ ਘੋਸ਼ਣਾ ਕੀਤੀ ਕਿ ਹਾਲ 'ਚ ਨਿਯੁਕਤ ਕੀਤੇ ਗਏ ਬਹੁਤ ਸਾਰੇ ਕਰਮਚਾਰੀਆਂ ਦੀ ਛਾਂਟੀ ਹੋਵੇਗੀ। ਅਲਗ-ਅਲਗ ਮੰਤਰੀਆਂ ਨੇ ਇਸ ਫ਼ੈਸਲੇ ਦਾ ਵਿਰੋਧ ਕੀਤਾ। ਹਿੰਦੁਸਤਾਨ ਦੀ ਸਰਕਾਰ ਨੇ ਏਅਰਲਾਈਨਜ਼ ਕੰਪਨੀਆਂ ਨੂੰ ਵਿਸ਼ੇਸ਼ ਫਾਇਦਾ ਪਹੁੰਚਾਣ ਦੀ ਇਕ ਆਕਰਸ਼ਕ ਯੋਜਨਾ ਬਣਾਈ ਤੇ ਉਸ ਦੇ ਬਾਅਦ ਜੈੱਟ ਏਅਰਵੇਜ਼ ਨੇ ਘੋਸ਼ਣਾ ਕੀਤੀ ਕਿ ਉਹ ਛਾਂਟੀ ਕੀਤੇ ਮਜ਼ਦੂਰਾਂ ਨੂੰ ਵਾਪਸ ਲੈ ਲੈਣਗੇ। ਇਸ ਨਾਟਕ 'ਚ ਮੰਤਰੀਆਂ ਤੇ ਪੂੰਜੀਪਤੀਆਂ, ਦੋਵਾਂ ਨੂੰ ਫਾਇਦਾ ਹੋ ਰਿਹਾ ਹੈ। ਨੁਕਸਾਨ ਤਾਂ ਉਨ੍ਹਾਂ ਸਭ ਮਿਹਨਤਕਸ਼ ਲੋਕਾਂ ਦਾ ਹੋ ਰਿਹਾ ਹੈ ਜਿਨ੍ਹਾਂ ਦੀ ਛਾਂਟੀ ਹੋ ਰਹੀ ਹੈ ਜਾਂ ਜਿਨ੍ਹਾਂ ਦੇ ਸਿਰ 'ਤੇ ਛਾਂਟੀ ਦੀ ਤਲਵਾਰ ਲਟਕ ਰਹੀ ਹੈ।

ਆਪਣੀਆਂ ਨੌਕਰੀਆਂ 'ਚ ਕਟੌਤੀ ਤੋਂ ਬਚਣ ਲਈ ਮਜ਼ਦੂਰ ਨਾ ਤਾਂ ਪੂੰਜੀਪਤੀਆਂ ਅਤੇ ਨਾ ਹੀ ਪੂੰਜੀਵਾਦੀ ਸਰਕਾਰ ਦੇ ਮੰਤਰੀਆਂ ਦੇ ਭਰੋਸੇ ਰਹਿ ਸਕਦੇ ਹਨ। ਸਾਡੇ ਬਚਾਅ ਲਈ ਸਾਨੂੰ ਆਪਣੇ ਬਲ 'ਤੇ, ਆਪਣੀ ਏਕਤਾ ਤੇ ਆਪਣੇ ਸੰਗਠਨ ਦੇ ਪੱਧਰ 'ਤੇ ਅਤੇ ਆਪਣੀ ਲੜਨ ਦੀ ਤਾਕਤ 'ਤੇ ਹੀ ਯਕੀਨ ਕਰਨਾ ਚਾਹੀਦਾ ਹੈ। ਸਾਨੂੰ ਆਪਣੀ ਸੰਘਰਸ਼ ਕਰਨ ਦੀ ਤਾਕਤ ਦੇ ਬਲ 'ਤੇ ਰੁਜ਼ਗਾਰ ਦੇ ਅਧਿਕਾਰ ਨੂੰ ਇਕ ਮੌਲਿਕ ਅਤੇ ਨਿਆਂਯੋਗ ਅਧਿਕਾਰ ਦੇ ਰੂਪ 'ਚ ਮਾਨਤਾ ਦਿਵਾਉਣੀ ਹੋਵੇਗੀ। ਸਾਨੂੰ ਮਜ਼ਦੂਰ-ਕਿਸਾਨ ਦਾ ਰਾਜ ਸਥਾਪਤ ਕਰਨਾ ਹੋਵੇਗਾ, ਜਿਸ ਦਾ ਕੰਮ ਹੋਵੇਗਾ ਕਿ ਅਰਥਵਿਵਸਥਾ ਨੂੰ ਇਸ ਤਰ੍ਹਾਂ ਦੀ ਦਿਸ਼ਾ 'ਚ ਮੋੜਨਾ ਤਾਂ ਕਿ ਸਾਰੇ ਕੰਮ ਕਰਨ ਦੇ ਯੋਗ ਲੋਕਾਂ ਨੂੰ ਪੂਰਾ ਰੁਜ਼ਗਾਰ ਮਿਲੇ। ■

## ਵਾਜਬ ਕੀਮਤਾਂ...

**ਸਫਾ 14 ਦੀ ਬਾਕੀ**

ਖਾਧ ਪਦਾਰਥਾਂ ਦੀ ਮਦਦ ਦੇ ਜ਼ਰੀਏ ਵਿਦੇਸ਼ੀ ਸਾਮਰਾਜਵਾਦੀਆਂ ਦੇ ਦਬਾਅ ਦਾ ਮੁਕਾਬਲਾ ਕਰਨ ਦੇ ਕਾਬਿਲ ਬਣਨਾ ਚਾਹੁੰਦਾ ਸੀ ਤੇ ਭੁੱਖਮਰੀ ਦੇ ਖਿਲਾਫ ਜਨ ਵਿਰੋਧ ਤੇ ਇਨਕਲਾਬ ਦੇ ਖਤਰੇ ਤੋਂ ਖੁਦ ਨੂੰ ਬਚਾਉਣਾ ਚਾਹੁੰਦਾ ਸੀ।

ਅੱਜ ਜ਼ਰੂਰਤ ਇਹ ਹੈ ਇੱਕ ਆਧੁਨਿਕ ਵਿਵਸਥਾ ਦੀ, ਜੋ ਇਸ ਤੱਤ 'ਤੇ ਅਧਾਰਿਤ ਹੋਵੇਗੀ ਕਿ ਖਾਧ ਪਦਾਰਥਾਂ ਦਾ ਅਧਿਕਾਰ ਸਭ ਮਨੁੱਖਾਂ ਨੂੰ ਹੈ ਤੇ ਕਿਸੇ ਵੀ ਬਹਾਨੇ ਉਸ ਦਾ ਹਨਨ ਨਹੀਂ ਹੋ ਸਕਦਾ।

ਸਮਾਜ ਦੇ ਸਭ ਮੈਂਬਰਾਂ ਨੂੰ ਸਾਰੀਆਂ ਜ਼ਰੂਰਤਾਂ ਠੀਕ ਕੀਮਤ, ਦਰਜਾ ਤੇ ਮਾਤਰਾ 'ਚ ਮਿਲਣ, ਇਸ ਦੇ ਲਈ ਇਕ ਤੰਤਰ ਦੀ ਜ਼ਰੂਰਤ ਹੈ। ਇਸ ਦਾ ਮਤਲਬ ਹੈ ਇਕ ਆਧੁਨਿਕ ਸਰਬਜਨਕ ਵਿਤਰਣ ਵਿਵਸਥਾ, ਜੋ ਕੰਮ 'ਚ ਨਿਪੁੰਨ ਹੋਵੇ, ਯਾਨਿ ਕਿ ਉਸ ਤੋਂ ਸਭ ਜ਼ਰੂਰਤਾਂ ਦੀਆਂ ਚੀਜ਼ਾਂ ਸਭ ਨੂੰ ਮਿਲਣ। ਸਰਬਜਨਕ ਵਿਤਰਣ ਵਿਵਸਥਾ ਦੀਆਂ ਦੁਕਾਨਾਂ 'ਤੇ ਨਿਗਰਾਨੀ ਰੱਖਣ ਦੇ ਲਈ ਤੇ ਇਸ 'ਚ ਭ੍ਰਸ਼ਟਾਚਾਰ ਖਤਮ ਕਰਨ ਦੇ ਲਈ ਸਮਾਜਿਕ ਸੰਗਠਨਾਂ ਨੂੰ ਤੇ ਲੋਕਾਂ ਦੀਆਂ ਸਥਾਨਕ ਸੰਮਤੀਆਂ ਨੂੰ ਅਧਿਕਾਰ ਦੇ ਸਕਦੇ ਹਨ ਤੇ ਦੇਣੇ ਹੀ ਚਾਹੀਦੇ ਹਨ।

ਨਿੱਜੀ ਮੁਨਾਫਾਖੋਰਾਂ ਤੇ ਸੱਟੇਬਾਜ਼ਾਂ ਦੀ ਖਾਣ ਵਾਲੇ ਪਦਾਰਥਾਂ ਦੇ ਬਾਜ਼ਾਰ ਤੇ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਨਾਲ ਖਿਲਵਾੜ ਕਰਨ ਦੀ ਜਗ੍ਹਾ ਨੂੰ ਸੀਮਤ ਤੇ ਖਤਮ ਕਰਨ ਨਾਲ ਹੀ ਖਾਣ ਵਾਲੇ ਪਦਾਰਥਾਂ ਦੇ ਸੰਕਟ ਦੀ ਸਮੱਸਿਆ ਦਾ ਹੱਲ ਹੋ ਸਕਦਾ ਹੈ। ਇਸ ਦੇ ਨਾਲ-ਨਾਲ ਖਾਣ ਵਾਲੇ ਪਦਾਰਥਾਂ ਤੇ ਖਾਣ ਵਾਲੇ ਪਦਾਰਥਾਂ ਦੇ ਬਾਜ਼ਾਰ ਉਤੇ ਸਮਾਜਿਕ ਨਿਯੰਤਰਣ ਤੇ ਨਿਯਮਾਂ ਦੀ ਵਿਵਸਥਾ ਸਥਾਪਿਤ ਕਰਨਾ ਵੀ ਜ਼ਰੂਰੀ ਹੈ। ■

## ਮਸਲਾ ਆਰਥਿਕਤਾ ਦੀ...

ਸਫਾ 12 ਦੀ ਬਾਕੀ

ਮਿੱਥੇ ਸਮੇਂ ਦੇ ਅੰਦਰ ਕਰਨਾ ਪਵੇਗਾ। ਇਹਦੇ ਨਾਲ ਮਿਹਨਤਕਸ਼ਾਂ ਦੇ ਪੋਸ਼ਣ ਸਤ੍ਹੱਰ, ਸਿਹਤ ਅਤੇ ਉਤਪਾਦਕਤਾ ਵਿੱਚ ਖੂਬ ਵਾਧਾ ਹੋਏਗਾ। ਲੋਕਾਂ ਦੀਆਂ ਜਰੂਰਤਾਂ ਦਾ ਉਤਪਾਦਨ ਕਰਨ ਲਈ ਬਹੁਤ ਸਾਰੀਆਂ ਨਵੀਆਂ ਨੌਕਰੀਆਂ ਵੀ ਖੁੱਲ੍ਹਣਗੀਆਂ ਅਤੇ ਤੇਜ਼ੀ ਨਾਲ ਚੌਤਰਫਾ ਸੰਵਰਧਨ ਹੋਵੇਗਾ, ਸਿਰਫ ਸਕਲ ਘਰੇਲੂ ਉਤਪਾਦ ਵਿੱਚ ਹੀ ਨਹੀਂ, ਬਲਕਿ 21 ਵੀਂ ਸਦੀ ਦੇ ਅਨੁਸਾਰ ਮਾਨਵੀ ਜੀਵਨ ਜੀਣ ਲਈ ਜਰੂਰੀ ਮੂਲ ਘਰੇਲੂ ਵਸਤੂਆਂ ਦੇ ਉਪਭੋਗ ਵਿੱਚ ਵੀ।

ਵੱਡੀਆਂ ਕੰਪਣੀਆਂ ਦੇ ਮੁਨਾਫੇ ਵਧਾਉਣ ਲਈ ਹੋਰ ਕਦਮ ਚੁੱਕਣ ਨਾਲ, ਆਰਥਿਕਤਾ ਦਾ ਉਹ ਸੰਵਰਧਨ ਨਹੀਂ ਹੋਏਗਾ ਜੋ ਮਿਹਨਤਕਸ਼ ਲੋਕ ਚਾਹੁੰਦੇ ਹਨ, ਜਾਂ ਜਿਸਦੀ ਉਨ੍ਹਾਂ ਨੂੰ ਜਰੂਰਤ ਹੈ। ਸੱਭ ਤੋਂ ਪਹਿਲਾਂ ਸਾਨੂੰ ਇਹ ਯਕੀਨੀ ਬਣਾਉਣ ਲਈ ਸੰਘਰਸ਼ ਕਰਨਾ ਚਾਹੀਦਾ ਹੈ ਕਿ ਸੱਭ ਪ੍ਰੀਵਾਰਾਂ ਨੂੰ ਇਨਸਾਨਾਂ ਲਾਇਕ ਜਿੰਦਗੀ ਜਿਊਣ ਦੇ ਲਈ ਨਿਯੂਨਤਮ ਉਪਭੋਗ ਵਸਤਾਂ ਪ੍ਰਾਪਤ ਹੋਣ। ਇਸਤੋਂ ਬਾਅਦ ਇਹ ਯਕੀਨੀ ਬਣਾਉਣਾ ਹੋਏਗਾ ਕਿ ਆਰਥਿਕਤਾ ਮਾਨਵ ਸਮਾਜ ਦੀਆਂ ਲਗਾਤਾਰ ਵਧਦੀਆਂ ਜਰੂਰਤਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਹੱਦ ਤਕ ਪੂਰੀਆਂ ਕਰ ਸਕੇ।

ਸਾਨੂੰ, ਆਰਥਿਕਤਾ ਨੂੰ ਇੱਕ ਐਸੀ ਨਵੀਂ ਦਿਸ਼ਾ ਦੇਣ ਲਈ ਸੰਘਰਸ਼ ਕਰਨਾ ਚਾਹੀਦਾ ਹੈ, ਤਾਂਕਿ ਮਾਨਵੀ ਉਤਪਾਦਕ ਤਾਕਤਾਂ ਤੋਂ ਜੋ ਨਿਚੋੜਿਆ ਜਾਂਦਾ ਹੈ, ਉਸਤੋਂ ਕਿਤੇ ਜ਼ਿਆਦਾ ਉਨ੍ਹਾਂ ਨੂੰ ਵਾਪਸ ਦਿੱਤਾ ਜਾਵੇ। ■

### ਘਰੇਲੂ ਉਪਭੋਗ, 2000-2007

| ਉਪਭੋਗ ਸ਼੍ਰੇਣੀ | 2000-2001 | 2006-2007 | ਔਸਤਨ ਸਲਾਨਾ ਸੰਵਰਧਨ |
|---|---|---|---|
| | (1999-2000 ਦੀਆਂ ਕੀਮਤਾਂ ਅਨੁਸਾਰ ਕਰੋੜਾਂ ਰੁ: 'ਚ) | | |
| ਖਾਣ, ਪੀਣ ਵਸਤਾਂ, ਤੰਬਾਕੂ | 625027 | 772509 | 3.6% |
| ਕੱਪੜੇ, ਜੁੱਤੀਆਂ | 77403 | 93257 | 3.2% |
| ਸਕਲ ਕਿਰਾਇਆ,ਬਾਲਣ ਅਤੇ ਬਿਜਲੀ | 147642 | 183645 | 3.7% |
| ਡਾਕਟਰੀ ਦੇਖ-ਭਾਲ ਅਤੇ ਸਿਹਤ ਸੇਵਾ | 61199 | 80714 | 4.7% |
| ਫਰਨੀਚਰ, ਜੰਤਰ ਅਤੇ ਸੇਵਾਵਾਂ | 43899 | 72580 | 8.7% |
| ਆਵਾਜਾਈ ਅਤੇ ਸੰਚਾਰ | 187988 | 336923 | 10.2% |
| ਮਨੋਰੰਜਨ,ਵਿਦਿਆ ਅਤੇ ਸੱਭਿਆਚਾਰ | 47812 | 89044 | 10.9% |
| ਫੁਟਕਲ ਵਸਤਾਂ ਅਤੇ ਸੇਵਾਵਾਂ | 109524 | 205001 | 11.0% |
| ਕੁੱਲ ਉਪਭੋਗ | 1300494 | 1833673 | 5.9% |
| ਸਕਲ ਘਰੇਲੂ ਉਤਪਾਦ | 2030710 | 3117372 | 7.4% |

ਸ੍ਰੋਤ : ਨੈਸ਼ਨਲ ਅਕਾਉਂਟਸ ਸਟੇਟਿਸਟਿਕਸ, ਸੈਂਟਰਲ ਸਟੇਟਿਸਟਿਕਲ ਆਰਗੇਨਾਈਜ਼ੇਸ਼ਨ

## "ਹਿੰਦੂ ਦਹਿਸ਼ਤ" ਅਤੇ...

ਸਫਾ 11 ਦੀ ਬਾਕੀ

ਬੇਕਸੂਰ ਲੋਕਾਂ ਦਾ ਕਤਲ ਕੀਤਾ ਹੈ, ਅਣਗਿਣਤ ਲੋਕਾਂ ਨੂੰ ਫਨਾਹ ਕੀਤਾ ਹੈ, ਲੱਖਾਂ ਲੋਕਾਂ ਨੂੰ ਜੇਲ੍ਹਾਂ 'ਚ ਡੱਕਿਆ ਹੈ। ਹਥਿਆਰਬੰਦ ਬਲ ਵਿਸ਼ੇਸ਼ ਅਧਿਕਾਰ ਅਧਿਨਿਯਮ, ਟਾਡਾ, ਪੋਟਾ, ਰਾਸੁਕਾ, ਆਦਿ ਵਰਗੇ ਫਾਸ਼ੀਵਾਦੀ ਕਨੂੰਨਾਂ ਦੁਆਰਾ ਇਨ੍ਹਾਂ ਅਤਿਆਚਾਰਾਂ ਨੂੰ ਵੈਧਤਾ ਦਿੱਤੀ ਗਈ ਹੈ। ਨਾਲ ਹੀ ਨਾਲ, ਇਹ ਆਮ ਜਾਣੀ ਜਾਂਦੀ ਗੱਲ ਹੈ ਕਿ ਹਿੰਦੋਸਤਾਨੀ ਰਾਜ, ਜਦਕਿ ਇਨ੍ਹਾਂ ਕਾਰਨਾਮਿਆਂ 'ਚ ਆਪਣਾ ਸਿੱਧਾ ਹੱਥ ਦਿਖਾਉਣਾ ਨਹੀਂ ਚਾਹੁੰਦਾ ਹੈ, ਤਾਂ ਉਹ ਗੁਪਤ ਤਰੀਕੇ ਨਾਲ, ਤਰ੍ਹਾਂ-ਤਰ੍ਹਾਂ ਦੇ ਗਿਰੋਹਾਂ ਨੂੰ ਹਥਿਆਰ, ਪੈਸੇ ਅਤੇ ਸਮਰਥਨ ਦੇਕੇ, ਉਨ੍ਹਾਂ ਤੋਂ ਉਹੀ ਕੰਮ ਕਰਵਾਉਂਦਾ ਹੈ। ਰਾਜ ਖੁਦ ਨੂੰ ਲੋਕਤੰਤਰ ਕਹਿੰਦਾ ਹੈ, ਪ੍ਰੰਤੂ ਇਸਦੇ ਦਮਨ ਦੇ ਤੰਤਰ ਲਗਾਤਾਰ ਮਜਬੂਤ ਕੀਤੇ ਜਾ ਰਹੇ ਹਨ। ਅਣ-ਪਛਾਤੇ ਗਿਰੋਹਾਂ ਦੁਆਰ ਕੀਤੀ ਗਈ "ਦਹਿਸ਼ਤਗਰਦੀ" ਦੇ ਬਾਰੇ ਇਹ ਸਾਰਾ ਪ੍ਰਚਾਰ, ਵੱਡੇ ਸਰਮਾਏਦਾਰਾਂ ਦੇ ਪ੍ਰੋਗਰਾਮ ਪ੍ਰਤੀ ਲੋਕਾਂ ਦੇ ਵਿਰੋਧ ਨੂੰ ਕੁਚਲਣ 'ਚ ਮੱਦਦ ਦਿੰਦਾ ਹੈ।

"ਹਿੰਦੂ ਦਹਿਸ਼ਤ" ਅਤੇ "ਮੁਸਲਿਮ ਦਹਿਸ਼ਤ" ਦੇ ਇਸ ਪੂਰੇ ਪ੍ਰਚਾਰ ਦੀ ਸਖਤ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਇਹ ਸਾਮਰਾਜਵਾਦੀ ਹਿੰਦੋਸਤਾਨੀ ਸਰਮਾਏਦਾਰਾਂ ਦੀ, ਆਪਣੇ ਲੋਕ-ਦੋਖੀ ਪ੍ਰੋਗਰਾਮ ਨੂੰ ਥੋਪਣ ਦੀ ਇੱਕ ਚਾਲ ਹੈ। ਸਾਨੂੰ, ਹੁਕਮਰਾਨ ਜਮਾਤ ਨੂੰ ਸਾਡੀ ਏਕਤਾ ਤੋੜਨ ਅਤੇ ਸਾਨੂੰ ਗੁਮਰਾਹ ਕਰਨ ਦਾ ਮੌਕਾ ਨਹੀਂ ਦੇਣਾ ਚਾਹੀਦਾ, ਬਲਕਿ ਸਾਨੂੰ ਇੱਕਜੁੱਟ ਹੋਕੇ ਹੁਕਮਰਾਨ ਜਮਾਤ ਦੇ ਖਿਲਾਫ ਸੰਘਰਸ਼ ਕਰਨਾ ਚਾਹੀਦਾ ਹੈ। ਆਪਣੇ ਦੇਸ਼ ਦੇ ਆਮ ਲੋਕਾਂ-- ਚਾਹੇ ਉਹ ਕਿਸੇ ਵੀ ਧਰਮ ਜਾਂ ਖੇਤਰ ਦੇ ਹੋਣ-- ਉਨ੍ਹਾਂ ਦੀ ਗਰੀਬੀ, ਸ਼ੋਸ਼ਣ-ਦਮਨ ਅਤੇ ਹੋਰ ਸਮੱਸਿਆਵਾਂ ਦੇ ਲਈ, ਸਾਨੂੰ ਹੁਕਮਰਾਨ ਜਮਾਤ ਅਤੇ ਉਹਦੀਆਂ ਮੁੱਖ ਪਾਰਟੀਆਂ ਨੂੰ ਹੀ ਦੋਸ਼ੀ ਠਹਿਰਾਉਣਾ ਚਾਹੀਦਾ ਹੈ। ■

**Internet Edition of**

Mazdoor Ekta Lehar
(Hindi web site)
& People's Voice at www.cgpi.org,
e-mail:mail@cgpi.org

## ਦੱਖਣੀ ਏਸ਼ੀਆ 'ਚ ਯੁੱਧ...

**ਸਫਾ 9 ਦੀ ਬਾਕੀ**

ਦਿਖਾਇਆ ਹੈ ਕਿ ਇਨ੍ਹਾਂ ਨੂੰ ਲੋਕਾਂ ਦੇ ਸੰਘਰਸ਼ਾਂ ਦੇ ਖਿਲਾਫ ਇਸਤੇਮਾਲ ਕੀਤਾ ਜਾਂਦਾ ਹੈ। ਗੁਨਾਹਾਂ ਦੇ ਨਾ ਸਾਬਤ ਹੋਣ ਦੇ ਅੰਕੜੇ ਇਸ ਸਿੱਟੇ ਦੀ ਸੱਚਾਈ ਵਿੱਚ ਕਿਸੇ ਭੀ ਸੰਦੇਹ ਦੀ ਗੁੰਜ਼ਾਇਸ਼ ਨਹੀਂ ਛੱਡਦੇ।

ਬਿਰਜੂ ਨਾਇਕ ਨੇ ਦੱਸਿਆ ਕਿ ਉਨ੍ਹਾਂ ਨੂੰ ਦਹਿਸ਼ਤਵਾਦ ਦੇ ਸੰਗਠਤ ਸ੍ਰੋਤ ਦੀ ਚੇਤਨਾ, 1984 ਦੇ ਸਿੱਖਾਂ ਦੇ ਕਤਲੇਆਮ ਤੋਂ ਆਈ। ਇੱਕ ਬਾਲਕ ਬਤੌਰ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਕਿ ਕਾਂਗਰਸ ਪਾਰਟੀ ਦੇ ਰਾਜਨੇਤਾ, ਦਿੱਲੀ ਦੇ ਓਖਲਾ ਇਲਾਕੇ ਦੀਆਂ ਰੇਲ ਪਟੜੀਆਂ ਉਤੇ ਬੇਕਸੂਰ ਸਿੱਖਾਂ ਦਾ ਕਤਲ ਕਰ ਰਹੇ ਸਨ। ਸਾਨੂੰ ਲੋਕਾਂ ਵਿੱਚ ਇਹ ਚੇਤਨਾ ਲਿਆਉਣੀ ਚਾਹੀਦੀ ਹੈ ਕਿ ਹਿੰਦੋਸਤਾਨੀ ਰਾਜ ਵਿਵਸਥਾ ਹੀ ਦਹਿਸ਼ਤਵਾਦੀ ਹਮਲੇ ਸੰਗਠਤ ਕਰਦੀ ਹੈ। ਹੁਕਮਰਾਨ ਜਮਾਤ ਦਾ ਦਹਿਸ਼ਤਵਾਦ ਨੂੰ ਖਤਮ ਕਰਨ ਦਾ ਕੋਈ ਇਰਾਦਾ ਨਹੀਂ ਹੈ, ਇਸੇ ਲਈ ਤਾਂ 1984,1993,2002 ਅਤੇ ਉਸਤੋਂ ਬਾਅਦ ਦੇ ਸੱਭ ਦਹਿਸ਼ਤਾਵਾਦੀ ਹਮਲਿਆਂ ਦੇ ਦੋਸ਼ੀਆਂ ਨੂੰ ਕਦੇ ਸਜ਼ਾ ਨਹੀਂ ਮਿਲੀ ਹੈ।

ਚਰਚਾ ਵਿੱਚ ਹਿੱਸਾ ਲੈਣ ਵਾਲਿਆਂ ਨੇ ਇਸ ਗੱਲ ਤੇ ਜੋਰ ਦਿੱਤਾ ਕਿ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਵਿਚਕਾਰ ਘ੍ਰਿਣਾ ਅਤੇ ਸ਼ੰਕਾ ਦਾ ਵਾਤਾਵਰਣ, ਜਾਣ-ਬੁੱਝਕੇ ਦੋਨਾਂ ਦੇਸ਼ਾਂ ਦੀਆਂ ਹੁਕਮਰਾਨ ਜਮਾਤਾਂ ਨੇ, ਆਪਣੇ ਖੁਦਗਰਜ਼ ਹਿੱਤਾਂ ਲਈ ਬਹੁਤ ਦਹਾਕਿਆਂ ਤੋਂ ਪੈਦਾ ਕੀਤਾ ਹੈ। ਪ੍ਰੰਤੂ ਦੋਨਾਂ ਦੇਸ਼ਾਂ ਦੇ ਲੋਕ, ਜਿਨ੍ਹਾਂ ਦੀ ਸਾਂਝੀ ਸੱਭਿਆਚਾਰਕ ਵਿਰਾਸਤ ਹੈ, ਅਮਨ ਨਾਲ ਰਹਿਣਾ ਚਾਹੁੰਦੇ ਹਨ। ਇਸ ਇਲਾਕੇ ਵਿੱਚ, ਸਾਡੇ ਹਿੱਤਾਂ ਦੇ ਖਿਲਾਫ ਸਾਨੂੰ ਯੁੱਧ 'ਚ ਫਸਾਉਣ ਦੀ ਹਾਕਮ ਜਮਾਤਾਂ ਦੀ ਕੋਸ਼ਿਸ਼ ਸਾਨੂੰ ਨਕਾਮ ਕਰ ਦੇਣੀ ਚਾਹੀਦੀ ਹੈ।

ਬੁਲਾਰਿਆਂ ਨੇ ਇਜਾਰੇਦਾਰ ਪ੍ਰਸਾਰ ਮਾਧਿਅਮ ਬਾਰੇ ਧਿਆਨ ਦੁਆਇਆ, ਜੋ ਸਾਮਰਾਜਵਾਦੀਆਂ ਅਤੇ ਵੱਖ-ਵੱਖ ਬੜੀ ਕੰਪਣੀਆਂ ਦੇ ਹਿੱਤਾਂ 'ਚ ਨਿਅੰਤ੍ਰਤ ਹੈ, ਅਤੇ ਜਾਣ-ਬੁੱਝਕੇ ਉਗਰ-ਰਾਸ਼ਟਰਵਾਦੀ ਅਤੇ ਜੰਗ-ਫਰੋਸ਼ ਪ੍ਰਚਾਰ ਕਰ ਰਿਹਾ ਹੈ ਅਤੇ ਭਰਮਾਊ ਸੂਚਨਾਵਾਂ ਫੈਲਾ ਰਿਹਾ ਹੈ। ਬਹੁਤ ਸਾਰੇ ਪੱਤਰਕਾਰਾਂ ਨੇ ਪ੍ਰਸਾਰ ਮਾਧਿਆ ਦੀ ਇਸ ਭੂਮਿਕਾ ਦੀ ਨੁਕਤਾਚੀਨੀ ਕਰਨੀ ਸ਼ੁਰੂ ਕੀਤੀ ਹੈ ।ਇਸਦੇ ਨਾਲ ਹੀ ਰਾਜ ਵਿਵਸਥਾ, ਇਸ ਪ੍ਰਸਿਥੀ ਦਾ ਇਸਤਮਾਲ ਪ੍ਰਸਾਰ ਮਾਧਿਅਮ ਨੂੰ ਸਰਕਾਰੀ ਪ੍ਰਚਾਰ ਕਰਨ ਦੀ ਤਰਫ ਮੋੜਨ ਲਈ ਕਰ ਰਿਹਾ ਹੈ ਤਾਕਿ ਰਾਜ ਵਿਵਸਥਾ ਦੇ ਨੀਤੀ ਉਦੇਸ਼ਾਂ ਬਾਰੇ ਸਵਾਲ ਨਾ ਉਠਣ।

ਬੁਲਾਰਿਆਂ ਨੇ ਧਿਆਨ ਦੁਆਇਆ ਕਿ ਇਸ ਪੈਮਾਨੇ ਅਤੇ ਤਰੀਕੇ ਦੇ ਦਹਿਸ਼ਤਵਾਦੀ ਹਮਲੇ, ਜੈਸੇ ਕਿ ਮੁੰਬਈ ਅੰਦਰ ਕੀਤੇ ਗਏ, ਕਿਸੇ ਅਸੰਤੁਸ਼ਟ ਵਿਅਕਤੀ ਦੀ ਕਾਰਸਤਾਨੀ ਨਹੀਂ ਹੋ ਸਕਦੀ, ਬਲਕਿ ਇਹਨੂੰ ਕਾਫੀ ਉੱਚੇ ਸਤ੍ਹਰ ਤੇ ਸੋਚਿਆ ਅਤੇ ਅਯੋਜਿਤ ਕੀਤਾ ਗਿਆ ਹੈ।

ਬਹੁਤ ਸਾਰੇ ਬੁਲਾਰਿਆਂ ਨੇ ਜ਼ੋਰ ਦਿੱਤਾ ਕਿ ਸਾਨੂੰ ਲੋਕਾਂ ਦੇ ਹੱਥਾਂ 'ਚ ਸੱਤਾ ਲਿਆਉਣ ਲਈ ਕੰਮ ਕਰਨਾ ਚਾਹੀਦਾ ਹੈ। ਸੱਤਾ ਉਨ੍ਹਾਂ ਦੇ ਹੱਥਾਂ 'ਚ ਨਹੀਂ ਛੱਡੀ ਜਾ ਸਕਦੀ, ਜੋ ਆਪਣੇ ਮੁਨਾਫਿਆਂ ਜਾਂ ਖੁਦਗਰਜ਼ ਹਿੱਤਾਂ ਲਈ ਕੋਈ ਭੀ ਘਿਨਾਉਣੇ ਤੋਂ ਘਿਨਾਉਣਾ ਅਪਰਾਧ ਕਰਨ ਲਈ ਤਿਆਰ ਹਨ।

ਹਿੰਦੋਸਤਾਨ ਅਤੇ ਪਾਕਿਸਤਾਨ ਦੇ ਵਿਚਕਾਰ ਸਥਾਈ ਅਮਨ, ਦੱਖਣੀ ਏਸ਼ੀਆ ਦੇ ਸੱਭ ਲੋਕਾਂ ਦੇ ਹਿੱਤ 'ਚ ਹੈ। ਯੁੱਧ ਨਾਲ ਲੋਕਾਂ ਦੀ ਜਿੰਦਗੀ ਬਰਬਾਰ ਹੋ ਜਾਵੇਗੀ। ਇਸ ਲਈ, ਸਾਨੂੰ ਸਾਮਰਾਜਵਾਦੀ ਸਰਮਾਏਦਾਰਾਂ ਦੇ ਪ੍ਰਚਾਰ ਨੂੰ ਕੱਟਣ ਦਾ ਦ੍ਰਿੜ ਨਿਸਚਾ ਕਰਨਾ ਚਾਹੀਦਾ ਹੈ ਅਤੇ ਦੱਖਣੀ ਏਸ਼ੀਆ ਵਿੱਚ ਯੁੱਧ ਨਹੀਂ ਹੋਣ ਦੇਣਾ ਚਾਹੀਦਾ—ਐਸਾ ਮੀਟਿੰਗ ਦਾ ਨਿਚੋੜ ਸੀ। ■

---

## ਆਰਥਕ ਮੰਦੀ...

**ਸਫਾ 13 ਦੀ ਬਾਕੀ**

ਤਰ੍ਹਾਂ, ਹਿੰਦੁਸਤਾਨ ਨੂੰ ਮਿਲਾ ਕੇ ਪੂਰੇ ਵਿਸ਼ਵ 'ਚ, ਮਜ਼ਦੂਰ ਮਿਹਨਤਕਸ਼ ਜਨਤਾ ਦੀ ਵਧਦੀ ਗਰੀਬੀ ਹੀ ਆਰਥਕ ਮੰਦੀ ਦਾ ਮੁੱਖ ਕਾਰਣ ਹੈ। ਇਸ ਸਮੱਸਿਆ ਦੇ ਹੱਲ ਦੇ ਨਾਂਅ 'ਤੇ ਪੂੰਜੀਵਾਦੀ ਸਰਕਾਰਾਂ ਇਜ਼ਾਰੇਦਾਰ ਪੂੰਜੀਪਤੀਆਂ ਅਤੇ ਮਿਹਨਤਕਸ਼ ਬਹੁਸੰਖਿਅਕ ਲੋਕਾਂ ਦੇ ਵਿਚਕਾਰ ਦੀ ਖਾਈ ਨੂੰ ਬਰਕਰਾਰ ਰੱਖਦੀ ਹੈ।

ਮੰਦੀ ਦੀ ਸਮੱਸਿਆ ਦੇ ਹੱਲ ਦੇ ਲਈ ਜ਼ਰੂਰੀ ਹੈ ਕਿ ਮਿਹਨਤਕਸ਼ ਬਹੁਸੰਖਿਆ ਦੀ ਖਰੀਦਣ ਦੀ ਤਾਕਤ ਵਧਾਈ ਜਾਵੇ। ਘੱਟੋ-ਘੱਟ ਵੇਤਨ 'ਚ ਵਾਧਾ ਲਾਗੂ ਕਰਨਾ, ਇਹ ਇਕ ਮੱਹਤਵਪੂਰਨ ਅਤੇ ਯੋਗ ਕਦਮ ਹੋਵੇਗਾ। ਸਭ ਤਨਖਾਹ ਭੋਗੀਆਂ ਦੇ ਲਈ ਨਿਯਮਿਤ ਤੌਰ 'ਤੇ ਮਹਿੰਗਾਈ ਭੱਤਾ ਲਾਗੂ ਕਰਨਾ, ਇਕ ਦੂਸਰਾ ਕਦਮ ਹੈ। ਜਦਕਿ ਕਿਸਾਨਾਂ ਦੇ ਲਈ ਠੀਕ ਕੀਮਤਾਂ ਦੀ ਗਾਰੰਟੀ ਵੀ ਜ਼ਰੂਰੀ ਹੈ। ਮਿਹਨਤਕਸ਼ ਜਨਤਾ ਦੀ ਖਰੀਦਣ ਦੀ ਤਾਕਤ ਵਧਾਉਣ ਦਾ ਮਤਲਬ ਹੈ ਇਜ਼ਾਰੇਦਾਰ ਪੂੰਜੀਪਤੀਆਂ ਦੇ ਮੁਨਾਫਿਆਂ ਨੂੰ ਸੀਮਤ ਰੱਖਣਾ। ਮਜ਼ਦੂਰਾਂ ਤੇ ਕਿਸਾਨਾਂ ਦੀ ਸਰਕਾਰ ਦੀ ਨੀਤੀ ਇਸ ਦਿਸ਼ਾ 'ਚ ਹੋਵੇਗੀ।

ਪੂੰਜੀਵਾਦੀ ਸਰਕਾਰਾਂ ਦੇ ਕੋਲ ਮੰਦੀ ਦਾ ਹੱਲ ਨਹੀਂ ਹੈ, ਕਿਉਂਕਿ ਵੱਡੀਆਂ ਕੰਪਨੀਆਂ ਦੇ ਮੁਨਾਫ਼ੇ ਸੀਮਤ ਰੱਖਣ 'ਚ ਨਾ ਤਾਂ ਉਨ੍ਹਾਂ ਨੂੰ ਦਿਲਚਸਪੀ ਹੈ, ਨਾ ਹੀ ਉਨ੍ਹਾਂ 'ਚ ਇਸ ਤਰ੍ਹਾਂ ਕਰਨ ਦੀ ਤਾਕਤ ਹੈ। ਜ਼ਿਆਦਾ ਤੋਂ ਜ਼ਿਆਦਾ ਉਹ ਸਰਬਜਨਕ ਖਰਚਾ ਵਧਾਉਣਗੇ, ਤਾਂ ਕਿ ਸੀਮੇਂਟ, ਇਸਪਾਤ ਤੇ ਵਿਨਿਰਮਤ ਚੀਜ਼ਾਂ ਦੀ ਮੰਗ ਵਧੇ। ਜ਼ਿਆਦਾ ਤੋਂ ਜ਼ਿਆਦਾ, ਇਸ 'ਚ ਅਸਥਾਈ ਰਾਹਤ ਮਿਲੇਗੀ, ਪਰ ਹੱਲ ਨਹੀਂ ਹੋਵੇਗਾ।

ਸਥਾਈ ਹੱਲ ਇਹੀ ਹੋਵੇਗਾ ਕਿ ਅਰਥਵਿਵਸਥਾ ਨੂੰ ਇਕ ਨਵੀਂ ਦਿਸ਼ਾ ਦਿੱਤੀ ਜਾਵੇ ਤਾਂ ਕਿ ਮਿਹਨਤਕਸ਼ ਜਨਤਾ ਦਾ ਜੀਵਨਮਾਨ ਲਗਾਤਾਰ ਵਧਦਾ ਜਾਵੇ, ਨਾ ਕਿ ਪੂੰਜੀਪਤੀਆਂ ਦੇ ਮੁਨਾਫ਼ੇ। ਸਭ ਦੇ ਲਈ ਸੁਖ ਤੇ ਸੁਰੱਖਿਆ ਪ੍ਰਦਾਨ ਕਰਨਾ ਜੇਕਰ ਅਰਥਵਿਵਸਥਾ ਦਾ ਮੁੱਖ ਉਦੇਸ਼ ਤੇ ਚਾਲਕ ਸ਼ਕਤੀ ਬਣ ਜਾਵੇ, ਤਾਂ ਮੰਦੀ ਦੀ ਸਮੱਸਿਆ ਹਮੇਸ਼ਾ ਦੇ ਲਈ ਖਤਮ ਹੋ ਜਾਵੇਗੀ। ■

**ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖਬਾਰ**

**ਲੋਕ-ਅਵਾਜ਼**

(ਮਾਸਿਕ)

ਸਹਾਇਤਾ ਰਾਸ਼ੀ-5 ਰੁ:

ਸਲਾਨਾ 100 ਰੁ:

ਮਨੀ ਆਡਰ ਭੇਜਣ ਲਈ ਪਤਾ:

ਚੰਦਰਭਾਨ, ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,

ਈ-392 ਸੰਜੇ ਕਲੋਨੀ, ਓਖਲਾ ਫੇਜ਼ 2,
ਨਵੀਂ ਦਿਲੀ 110020

## ਵੱਡੀਆਂ ਕੰਪਨੀਆਂ ਦੇ...

**ਸਫਾ 7 ਦੀ ਬਾਕੀ**

ਹੈ ਜੋ ਦਿਖਾਉਂਦਾ ਹੈ ਕਿ ਵੱਡੇ ਪੂੰਜੀਪਤੀ ਇਸ ਸੰਕਟ ਦਾ ਫਾਇਦਾ ਚੁੱਕ ਕੇ ਉਨ੍ਹਾਂ 'ਸੁਧਾਰਾਂ' ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਨ੍ਹਾਂ ਦਾ ਮਜ਼ਦੂਰ ਵਰਗ ਤੇ ਸੰਸਦ 'ਚ ਕਈ ਪਾਰਟੀਆਂ ਹੁਣ ਤੱਕ ਵਿਰੋਧ ਕਰਦੀਆਂ ਆਈਆਂ ਹਨ। 24 ਫ਼ੀਸਦੀ ਵਿਦੇਸ਼ੀ ਮਾਲਕੀ ਦੀ ਇਜਾਜ਼ਤ ਦੇਣ ਦੀ ਵਜ੍ਹਾ ਨਾਲ ਹੁਣ ਤੱਕ 33 ਵਿਦੇਸ਼ੀ ਬੀਮਾ ਕੰਪਨੀਆਂ ਸਾਡੇ ਦੇਸ਼ 'ਚ ਆ ਚੁੱਕੀਆਂ ਹਨ, ਜਦਕਿ 8 ਸਰਕਾਰੀ ਬੀਮਾ ਕੰਪਨੀਆਂ ਪਹਿਲਾਂ ਤੋਂ ਕੰਮ ਕਰ ਰਹੀਆਂ ਹਨ। ਬੀਤੇ 10 ਵਰ੍ਹਿਆਂ ਤੋਂ ਲਗਭਗ 2500 ਕਰੋੜ ਰੁਪਏ ਦੀ ਵਿਦੇਸ਼ੀ ਪੂੰਜੀ ਬੀਮਾ ਖੇਤਰ 'ਚ ਆਈ ਹੈ। ਮੰਤਰੀ ਮੰਡਲ ਦੇ ਇਸ ਹਾਲ ਦੇ ਫ਼ੈਸਲੇ ਦਾ ਇਰਾਦਾ ਹੈ, ਇਸ ਦਿਸ਼ਾ 'ਚ ਹੋਰ ਤੇਜ਼ੀ ਨਾਲ ਵਧਣਾ, ਮਤਲਬ, ਹਿੰਦੁਸਤਾਨ 'ਚ ਬੀਮਾ ਖੇਤਰ ਨੂੰ ਜ਼ਿਆਦਾ ਮੁਨਾਫੇਦਾਰ ਖੇਤਰ ਬਣਾਉਣਾ।

ਸਿੱਟਾ :

ਵੱਡੇ ਬੈਂਕਾਂ ਨੂੰ ਹੋਰ ਪੈਸੇ ਦੇਣਾ ਤੇ ਟਾਟਾ, ਰਿਲਾਇੰਸ, ਬਿਰਲਾ, ਤੇ ਦੂਸਰੇ ਵੱਡੇ ਉਦਯੋਗਿਕ ਘਰਾਣਿਆਂ ਦੇ ਮੁਨਾਫਿਆਂ ਨੂੰ ਬਚਾਉਣਾ, ਇਹ ਆਰਥਕ ਸੰਕਟ ਦਾ ਕੋਈ ਹੱਲ ਨਹੀਂ ਹੈ। ਅਮਰੀਕਾ ਤੇ ਦੂਜੇ ਕਥਿਤ ਮੋਹਰੀ ਦੇਸ਼ਾਂ ਦੀਆਂ ਸਰਕਾਰਾਂ ਨੇ ਵੱਡੇ ਵਿੱਤ ਸੰਸਥਾਨਾਂ ਨੂੰ ਬਚਾਉਣ ਦੇ ਲਈ ਜਨਤਾ ਦਾ ਬਹੁਤ ਸਾਰਾ ਧਨ ਉਨ੍ਹਾਂ ਸੰਸਥਾਨਾਂ ਨੂੰ ਦੇ ਦਿੱਤਾ ਹੈ, ਪਰ ਕੀ ਇਸ ਦੇ ਨਾਲ ਆਰਥਕ ਸੰਕਟ ਦਾ ਹੱਲ ਹੋਇਆ ਜਾਂ ਨੌਕਰੀਆਂ ਸੁਰੱਖਿਅਤ ਰਹੀਆਂ? ਨਹੀਂ! ਇੰਨੇ ਵੱਡੇ ਪੱਧਰ 'ਤੇ ਸਰਕਾਰ ਦੇ ਬਚਾਅ ਕਾਰਜ ਦੇ ਬਾਵਜੂਦ ਉੱਤਰੀ ਅਮਰੀਕਾ ਤੇ ਯੋਰਪ 'ਚ ਇਹ ਸੰਦੇਹ ਹੈ ਕਿ 2009 'ਚ ਆਰਥਕ ਉਨਤੀ ਹੋਰ ਘੱਟੇਗੀ। 2008 'ਚ ਅਮਰੀਕਾ 'ਚ ਹੁਣ ਤੱਕ 12 ਲੱਖ ਮਜ਼ਦੂਰਾਂ ਨੂੰ ਨੌਕਰੀਆਂ ਤੋਂ ਕੱਢ ਦਿੱਤਾ ਗਿਆ ਹੈ। 2009 'ਚ ਹੋਰ ਵੀ ਵੱਡੀ ਸੰਖਿਆ 'ਚ ਮਜ਼ਦੂਰ ਆਪਣੀਆਂ ਨੌਕਰੀਆਂ ਗੁਆਉਣਗੇ।

ਵੱਡੇ ਪੂੰਜੀਪਤੀਆਂ ਦੀ ਅਮੀਰੀ ਨੂੰ ਬਣਾਏ ਰੱਖਣ ਦੇ ਲਈ ਮਿਹਨਤਕਸ਼ਾਂ ਨੂੰ ਲੁੱਟਣਾਂ: ਇਹ ਅਸਲ 'ਚ ਆਰਥਕ ਮੰਦੀ ਦੀ ਸਮੱਸਿਆ ਦਾ ਸ੍ਰੋਤ ਹੈ। ਇਸ ਦਿਸ਼ਾ 'ਚ ਹੋਰ ਕਦਮ ਲੈਣ ਨਾਲ ਸੰਕਟ ਦਾ ਹੱਲ ਨਹੀਂ ਹੋਵੇਗਾ। ਜਦਕਿ ਆਰਥਕ ਮੰਦੀ ਦੀ ਸਮੱਸਿਆ ਹੋਰ ਭਿਆਨਕ ਹੋ ਜਾਵੇਗੀ।

ਮਜ਼ਦੂਰ ਵਰਗ ਤੇ ਮਿਹਨਤਕਸ਼ਾਂ ਨੂੰ ਕਦੀ ਵੀ ਪੂੰਜੀਪਤੀਆਂ ਦੇ ਇਸ ਝੂਠੇ ਪ੍ਰਚਾਰ 'ਤੇ ਯਕੀਨ ਨਹੀਂ ਕਰਨਾ ਚਾਹੀਦਾ, ਕਿ ਪੂੰਜੀਪਤੀਆਂ ਨੂੰ ਬਚਾਉਣ ਨਾਲ ਹੀ ਦੇਸ਼ ਬਚੇਗਾ। ਵੱਡੇ ਪੂੰਜੀਪਤੀਆਂ ਦੇ ਮੁਨਾਫਿਆਂ ਨੂੰ ਬਚਾਉਣ ਨਾਲ ਮਜ਼ਦੂਰਾਂ ਤੇ ਕਿਸਾਨਾਂ ਦੀ ਰੋਜ਼ੀ-ਰੋਟੀ ਸੁਰੱਖਿਅਤ ਨਹੀਂ ਰਹੇਗੀ। ਵੱਡੀਆਂ ਕੰਪਨੀਆਂ ਦੇ ਮੁਨਾਫਿਆਂ ਨੂੰ ਬਚਾਉਣ ਦੇ ਲਈ ਜਨਤਾ ਦਾ ਧਨ ਇਸਤੇਮਾਲ ਕਰਨ ਦਾ ਮਤਲਬ ਹੈ ਕਿ ਸੰਕਟ ਦੇ ਭਾਰ ਨੂੰ ਮਿਹਨਤਕਸ਼ਾਂ ਦੇ ਮੋਢਿਆਂ 'ਤੇ ਲੱਦਣਾ। ਸਾਰੇ ਮਜ਼ਦੂਰਾਂ, ਕਿਸਾਨਾਂ ਤੇ ਉਨ੍ਹਾਂ ਦੇ ਸੰਗਠਨਾਂ ਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ। ■

---

## ਹਿੰਦੋਸਤਾਨ ਅਤੇ ਚੀਨ ਅੰਦਰ...

**ਸਫਾ 15 ਦੀ ਬਾਕੀ**

8. ਸੰਗਠਿਤ ਖੇਤਰ ਅੰਦਰ ਹਰ ਇੱਕ ਨੌਕਰੀ ਦੀ ਕਟੌਤੀ ਨਾਲ, ਅਸੰਗਠਿਤ ਖੇਤਰ ਵਿੱਚ 3 ਤੋਂ 4 ਨੌਕਰੀਆਂ ਦੀ ਕਟੌਤੀ ਹੁੰਦੀ ਹੈ, ਕਿਉਂਕਿ ਛੋਟੇ ਉਦਯੋਗਾਂ ਲਈ ਬੜੀਆਂ ਕੰਪਣੀਆਂ ਵਲੋਂ ਆਰਡਰ ਘਟ ਹੋ ਜਾਂਦੇ ਹਨ।

### ਚੀਨ

ਵਿਸ਼ਵੀ ਮੰਦੀ ਦੇ ਬਾਵਯੂਦ ਚੀਨ ਸਰਕਾਰ, ਦੁਨੀਆਂ 'ਚ ਸੱਭ ਤੋਂ ਵੱਧ ਤੇਜ਼ੀ ਨਾਲ ਵਧਦਾ ਹੋਇਆ ਦੇਸ਼ ਹੋਣ ਦੀ ਡੀਂਗ ਮਾਰਦੀ ਹੈ। ਪ੍ਰੰਤੂ ਉਥੇ ਮਜਦੂਰ ਜਮਾਤ ਅਤੇ ਅਧਿਕਤਰ ਮਿਹਨਤਕਸ਼ ਲੋਕਾਂ ਦੀ ਹਾਲਤ ਗੰਭੀਰ ਰੂਪ ਵਿੱਚ ਵਿਗੜ ਰਹੀ ਹੈ।

ਚੀਨੀ ਆਰਥਿਕਤਾ ਜ਼ਿਆਦਾਤਰ, ਬਰਾਮਦ ਉਤੇ ਨਿਰਭਰ ਹੈ, ਖਾਸ ਤੌਰ ਤੇ ਅਮਰੀਕਾ ਅਤੇ ਯੂਰੋਪ ਨੂੰ ਕੀਤੀ ਜਾਣ ਵਾਲੀ ਬਰਾਮਦ ਉਤੇ। ਅਮਰੀਕਾ ਅਤੇ ਯੂਰੋਪ ਅੰਦਰ ਗਹਿਰੀ ਮੰਦੀ ਦੇ ਵਜ੍ਹਾ ਕਰਕੇ ਬਰਾਮਦ ਤੇਜ਼ੀ ਨਾਲ ਗਿਰੀ ਹੈ। ਚੀਨ ਅੰਦਰ ਹਜਾਰਾਂ ਫੈਕਟਰੀਆਂ ਨੇ ਜਾਂ ਤਾਂ ਉਤਪਾਦਨ 'ਚ ਕਮੀ ਕੀਤੀ ਹੈ ਜਾਂ ਫਿਰ ਫੈਕਟਰੀਆਂ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ। ਵੱਡੀ ਗਿਣਤੀ ਵਿੱਚ ਮਜਦੂਰ ਬੇਰੁਜ਼ਗਾਰ ਹੋਏ ਹਨ। ਮਿਹਨਤਕਸ਼ ਪ੍ਰੀਵਾਰਾਂ ਦੀ ਆਮਦਨੀ 'ਚ ਕਮੀ ਆਈ ਹੈ ਅਤੇ ਉਨ੍ਹਾਂ ਨੂੰ ਜਰੂਰੀ ਵਸਤਾਂ ਤਕ ਦੀ ਖ੍ਰੀਦ 'ਚ ਕਟੌਤੀ ਕਰਨੀ ਪੈ ਰਹੀ ਹੈ।

ਚੀਨ ਦੇ ਵਿਸ਼ੇਸ਼ ਆਰਥਿਕ ਖੇਤਰ (ਸੇਜ), ਸੱਭ ਤੋਂ ਜ਼ਿਆਦਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਕਿਉਂਕਿ ਇਨ੍ਹਾਂ ਖੇਤਰਾਂ 'ਚ ਜ਼ਿਆਦਾਤਰ ਕੰਪਣੀਆਂ ਬਰਾਮਦ ਦੇ ਲਈ ਉਤਪਾਦਨ ਕਰਦੀਆਂ ਸਨ। ਦੱਖਣੀ ਗੁਵਾਂਗਡੋਂਗ ਅੰਦਰ 7000 ਫੈਕਟਰੀਆਂ ਬੰਦ ਹੋ ਗਈਆਂ ਹਨ। ਲੱਖਾਂ ਮਜਦੂਰ, ਜੋ ਆਪਣੀ ਖੇਤੀ ਛੱਡਕੇ ਬੇਹਤਰ ਜਿੰਦਗੀ ਦਾ ਸੁਪਨਾ ਲੈਕੇ ਏਥੇ ਕੰਮ ਕਰਨ ਆਏ ਸਨ, ਉਨ੍ਹਾਂ ਨੂੰ ਹੁਣ ਆਪਣੇ ਪਿੰਡਾਂ ਨੂੰ ਵਾਪਸ ਮੁੜਨਾ ਪੈ ਰਿਹਾ ਹੈ, ਜਿੱਥੇ ਉਨ੍ਹਾਂ ਲਈ ਕੋਈ ਕੰਮ ਹੀ ਨਹੀਂ ਹੈ।

ਏਸੇ ਤਰ੍ਹਾਂ ਕਮ-ਸ-ਕਮ ਤਿੰਨ-ਤਿੰਨ ਲੱਖ ਮਜਦੂਰ ਹੂਬੇ ਅਤੇ ਜਿਆਂਸੀ ਖੇਤੀ-ਪ੍ਰਧਾਨ ਰਾਜਾਂ ਦੇ ਪਿੰਡਾ ਨੂੰ ਪਰਤ ਗਏ ਹਨ। ■

**हिन्दोस्तान की कम्युनिस्ट ग़दर पार्टी का अखबार**

**मजदूर एकता लहर**

वार्षिक शुल्क 30 रुपये

कृपया मनीआर्डर निम्न पते पर भेजिये:

श्री चन्द्रभान, ई–392, संजय कालोनी, ओखला फेस–2, नई दिल्ली – 110020,

फोन 011–20281990

मनीआर्डर फार्म भरते समय संदेश के स्थान पर स्पष्ट अक्षरों में अपना पता अवश्य लिखिये ताकि आपसे वापिस संपर्क किया जा सके

ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਿਸਟ੍ਰੀਬਿਊਟਰਜ਼,
ਈ-392 ਸੰਜੇ ਕਲੋਨੀ, ਓਖਲਾ ਫੇਜ਼-2, ਨਵੀਂ ਦਿੱਲੀ 110020

### ਟਰਾਂਟੋ 'ਚ ਗ਼ਦਰੀ ਮੇਲਾ:

# ਗ਼ਦਰੀ ਬਾਬਿਆਂ ਦਾ ਜ਼ਜਬਾ, ਅੱਜ ਵੀ ਕਨੇਡਾ ਨਿਵਾਸੀ ਹਿੰਦੋਸਤਾਨੀਆਂ ਦਾ ਪ੍ਰੇਰਕ ਹੈ



ਗ਼ਦਰੀ ਮੇਲੇ ਦਾ ਸ਼ਾਨਦਾਰ ਉਤਸਵ, 16 ਨਵੰਬਰ 2008 ਨੂੰ ਟਰਾਂਟੋ ਦੇ ਬ੍ਰੇਂਟਨ ਥਿਏਟਰ ਵਿੱਚ ਸੰਪੰਨ ਹੋਇਆ। ਇਹ ਪ੍ਰੋਗਰਾਮ ਬਸਤੀਵਾਦ ਦੇ ਖਿਲਾਫ ਸੰਘਰਸ਼ ਵਿੱਚ ਸ਼ਹੀਦ ਹੋਏ ਲੋਕਾਂ ਦੀ ਯਾਦ ਵਿੱਚ, ਅਤੇ ਅੱਜ ਹਿੰਦੋਸਤਾਨ ਦੇ ਮਜਦੂਰ-ਮਿਹਨਤਕਸ਼ਾਂ ਦੇ ਸਾਹਮਣੇ ਚੁਣੌਤੀਆਂ ਦਾ ਹੱਲ ਲੱਭਣ ਲਈ ਸੰਗਠਿਤ ਕੀਤਾ ਗਿਆ ਸੀ। ਪ੍ਰੋਗਰਾਮ ਅੰਦਰ ਤਕਰੀਰਾਂ, ਗੀਤ, ਨਾਟਕ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਪ੍ਰੋਗਰਾਮ ਦਾ ਅਯੋਜਨ, ਗ਼ਦਰ ਹੈਰੀਟੇਜ਼ ਆਰਗੇਨਾਈਜ਼ੇਸ਼ਨ ਨੇ ਕੀਤਾ ਸੀ ਅਤੇ ਦੇਸ਼-ਭਗਤ ਸਪ੍ਰੋਟਸ ਐਂਡ ਕਲਚਰਲ ਸੋਸਾਇਟੀ ਨੇ ਇਸ ਦਾ ਪ੍ਰਯੋਜਨ ਕੀਤਾ ਸੀ।

ਸ੍ਰੀ ਨਿਰਮਲ ਸਿੰਘ ਵਲੋਂ ਸਵਾਗਤ ਤੋਂ ਬਾਅਦ, ਗ਼ਦਰ ਹੈਰੀਟੇਜ਼ ਆਰਗੇਨਾਈਜ਼ੇਸ਼ਨ ਦੇ ਸਭਿੱਚਾਰਕ ਸਕੱਤਰ, ਸ੍ਰੀ ਕੁਲਵਿੰਦਰ ਸਿੰਘ ਨੇ ਗ਼ਦਰੀ ਮੇਲੇ ਦਾ ਮਕਸਦ ਸਮਝਾਇਆ। ਇਹ ਆਪਣੇ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਹੈ, ਜਿਨ੍ਹਾਂ ਨੇ ਇਜ਼ਤ ਦਾ ਜੀਵਨ ਜੀਣ ਦੇ ਲਈ ਅਤੇ ਅਧਿਕਾਰਾਂ ਦੇ ਲਈ ਸੰਘਰਸ਼ ਕੀਤਾ ਸੀ। ਇਸ ਅਨੁਭਵ ਤੋਂ ਅੱਜ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਸਬਕ ਲੈਣਾ ਵੀ ਇਸ ਦਾ ਮਕਸਦ ਹੈ। ਉਨ੍ਹਾਂ ਨੇ ਕਨੇਡਾ ਅਤੇ ਦੂਸਰੇ ਦੇਸ਼ਾਂ ਦੀਆਂ ਆਰਥਕ ਸਮਤਸਿਆਵਾਂ ਬਾਰੇ ਵੀ ਗੱਲ ਕੀਤੀ, ਜਿਸ 'ਚ ਸਮਾਜਿਕ ਸੁਵਿਧਾਵਾਂ ਵਿੱਚ ਕਟੌਤੀਆਂ, ਵੱਡੇ ਬੈਂਕਾਂ ਲਈ ਸਹਾਇਤਾ, ਨੌਕਰੀਆਂ 'ਚ ਕਟੌਤੀਆਂ ਅਤੇ ਰਹਾਇਸ਼ੀ ਘਰ ਗਵਾਚਣ ਦੀ ਸਥਿਤੀ ਵਿੱਚ, ਮਿਹਨਤਕਸ਼ ਲੋਕਾਂ ਨੂੰ ਆਪਣੇ ਹਾਲ ਤੇ ਛੱਡਿਆ ਜਾ ਰਿਹਾ ਹੈ।

ਸਤਿਕਾਰਯੋਗ ਕਮਿਉਨਿਸਟ ਕਾਰਯਕਰਤਾ, ਕਾਮਰੇਡ ਗੁਰਦੇਵ ਸਿੰਘ, ਨੇ ਜ਼ੋਰ ਦਿੱਤਾ ਕਿ ਗ਼ਦਰੀ ਬਾਬਿਆਂ ਦੇ ਸਪਨੇ ਅਜੇ ਤਕ ਸਾਕਾਰ ਨਹੀਂ ਹੋਏ ਹਨ। ਹਿੰਦੋਸਤਾਨ ਦੇ ਮਜਦੂਰ-ਮਿਹਨਤਕਸ਼ ਗੈਰ-ਇਨਸਾਨੀ ਸਥਿਤੀ 'ਚ ਜੀਅ ਰਹੇ ਹਨ, ਜਦਕਿ ਬੜੇ ਸਰਮਾਏਦਾਰਾਂ ਅਤੇ ਸਿਆਸੀ ਕੁਲੀਨ ਵਰਗ ਨੇ, ਆਪਣੇ ਖੁਦ ਦੇ ਸਾਮਰਾਜਵਾਦੀ ਮੰਸੂਬੇ ਪੂਰੇ ਕਰਨ ਲਈ, ਅਮਰੀਕਾ ਅਤੇ ਹੋਰ ਸਾਮਰਾਜਵਾਦੀ ਤਾਕਤਾਂ ਨਾਲ ਜੋਟੀ ਪਾ ਲਈ ਹੈ। ਪੂਰੀ ਦੁਨੀਆਂ ਦੇ ਗਹਿਰੇ ਸੰਕਟ ਨੇ, ਸਰਮਾਏਦਾਰਾਂ ਦਾ ਇਹ ਦਾਵਾ ਝੂਠਾ ਸਾਬਤ ਕਰ ਦਿੱਤਾ ਹੈ ਕਿ ਆਰਥਕਤਾ ਦੀਆਂ ਸਮੱਸਿਆਵਾਂ ਦਾ ਹੱਲ, ਬਜਾਰਮੁਖੀ ਸੁਧਾਰਾਂ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਸਿਰਫ ਕਮਿਉਨਿਜ਼ਮ ਹੀ ਹਿੰਦੋਸਤਾਨ ਨੂੰ ਬਚਾ ਸਕਦਾ ਹੈ ਅਤੇ ਸਾਡੇ ਲੋਕਾਂ ਨੂੰ ਗੈਰ-ਮਨੁੱਖੀ ਪ੍ਰਸਥਿਤੀ ਤੋਂ ਛੁਟਕਾਰਾ ਦੁਆ ਸਕਦਾ ਹੈ।

ਐਸੋਸੀਏਸ਼ਨ ਆਫ ਇੰਡੀਅਨ ਪ੍ਰੋਗਰਿਸਵ ਸਟੱਡੀ ਗਰੁੱਪਸ (ਏ.ਆਈ.ਪੀ.ਐਸ. ਜੀ.) ਵਲੋਂ ਬੋਲਦਿਆਂ, ਡਾ:ਰਾਜ ਮਿਸ਼ਰਾ ਨੇ ਬੜੀਆਂ ਸ਼ਕਤੀਆਂ ਵਲੋਂ ਦੱਖਣੀ ਏਸ਼ੀਆ ਅੰਦਰ ਜੰਗ ਦੀਆਂ ਤਿਆਰੀਆਂ ਦੇ ਬਾਰੇ ਲੋਕਾਂ ਨੂੰ ਚੇਤਾਵਨੀ ਦਿੱਤੀ। ਉਨ੍ਹਾਂ ਨੇ ਅਮਰੀਕੀ ਯੋਜਨਾ ਵੱਲ ਇਸ਼ਾਰਾ ਕੀਤਾ, ਜਿਸਦੇ ਤਹਿਤ ਕਨੇਡਾ ਅਤੇ ਨਾਟੋ ਨੂੰ, ਦਹਿਸ਼ਤਗਰਦਾਂ ਦਾ ਸਫਾਇਆ ਕਰਨ ਦੇ ਬਹਾਨੇ, ਅਫਗਾਨਿਸਤਾਨ ਉਤੇ ਕਬਜ਼ੇ ਨੂੰ ਮਜਬੂਤ ਕਰਨ ਅਤੇ ਪਾਕਿਸਤਾਨ ਅੰਦਰ ਸੈਨਿਕ ਘੁਸਪੈਠ ਕਰਨ ਲਈ ਲਾਮਬੰਦ ਕੀਤਾ ਜਾਏਗਾ। ਉਨ੍ਹਾਂ ਨੇ ਲੋਕਾਂ ਨੂੰ ਪੁਕਾਰ ਕੀਤੀ ਕਿ ਦੱਖਣੀ ਏਸ਼ੀਆ ਨੂੰ ਇੱਕ ਹੋਰ ਵਿਸ਼ਵ ਜੰਗ ਦਾ ਕੇਂਦਰ ਨਾ ਬਣਨ ਦੇਣ ਲਈ ਸੰਘਰਸ਼ ਕਰੋ।

ਪ੍ਰੋ: ਵਰਿਆਮ ਸੰਧੂ ਨੇ, ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਰੌਸ਼ਨੀ ਪਾਈ। ਉਨ੍ਹਾਂ ਨੇ ਕਰਤਾਰ ਸਿੰਘ ਸਰਾਭਾ ਦੇ ਉਦਾਹਰਣ ਦਾ ਵਿਸ਼ੇਸ਼ ਜਿਕਰ ਕੀਤਾ, ਜਿਸਦੀ ਸ਼ਹਾਦਤ ਦੀ 13 ਵੀਂ ਵਰ੍ਹੇਗੰਢ ਇਸੇ ਦਿਨ ਸੀ। ਉਨ੍ਹਾਂ ਨੇ, ਅੰਮ੍ਰਿਤਸਰ ਵਿੱਚ ਆਪਣੇ ਪਿੰਡ, ਸੁਰ ਸਿੰਘਵਾਲਾ ਦੇ ਲੋਕਾਂ ਦੀਆਂ ਕੁਰਬਾਨੀਆਂ ਬਾਰੇ ਦੱਸਿਆ, ਜਿੱਥੋਂ ਦੇ ਦੋ ਗ਼ਦਰੀਆਂ ਨੂੰ ਅੰਗਰੇਜ਼ ਬਸਤੀਵਾਦੀਆਂ ਨੇ ਫਾਂਸੀ ਤੇ ਲਟਕਾਇਆ ਸੀ। ਪ੍ਰੋ: ਸੰਧੂ ਨੇ, ਬਰਤਾਨਵੀ ਬਸਤੀਵਾਦੀਆਂ ਅਤੇ ਹਿੰਦੋਸਤਾਨੀ ਰਾਜ ਵਲੋਂ ਦੇਸ਼-ਭਗਤਾਂ ਉਤੇ ਦਹਿਸ਼ਤਵਾਦੀ, ਨਾਸਤਕ ਅਤੇ ਡਾਕੂ ਹੋਣ ਦੇ ਦੋਸ਼ ਲਾਉਣ ਅਤੇ ਇਤਿਹਾਸ ਨੂੰ ਤੋੜਨ-ਮਰੋੜਨ ਦੇ ਯਤਨਾਂ ਦੀ ਨਿਖੇਧੀ ਕੀਤੀ।

ਲੋਕ ਲਕਾ ਮੰਚ, ਮੁੱਲਾਂਪੁਰ (ਲੁਧਿਆਣਾ) ਦੇ ਹਰਕੇਸ਼ ਚੌਧਰੀ ਦੁਆਰਾ ਲਿਖਿਤ ਅਤੇ ਨਿਰਦੇਸ਼ਤ ਨਾਟਕ, "ਗਾਥਾ ਕਾਲੇ ਪਾਣੀਆਂ ਦੀ", ਮੇਲੇ 'ਚ ਦਿਖਾਇਆ ਗਿਆ। ਇਸ ਨਾਟਕ ਵਿੱਚ, ਕਾਲੇ ਪਾਣੀ ਵਿਖੇ ਬਸਤੀਵਾਦ-ਵਿਰੋਧੀ ਯੋਧਿਆਂ ਦੇ ਸੰਘਰਸ਼ ਨੂੰ ਦਰਸਾਇਆ ਗਿਆ ਹੈ। ਇੱਕ ਪ੍ਰਭਾਵਸ਼ਾਲੀ ਰੂਪ 'ਚ ਨਾਟਕ ਦਾ ਸੰਦੇਸ਼ ਸਪੱਸ਼ਟ ਸੀ ਕਿ ਹਿੰਦੋਸਤਾਨ ਦੇ ਰਸਮੀ ਤੌਰ ਤੇ ਅਜਾਦ ਹੋਣ ਨਾਲ ਬਸਤੀਵਾਦੀ ਵਿਰਾਸਤ ਖਤਮ ਨਹੀਂ ਹੋਈ। ਇਸ 'ਚ ਅੰਗਰੇਜ਼ ਹਾਕਮਾਂ ਦੁਆਰਾ ਛੱਡੇ ਆਸਣ ਤੇ, ਕਾਲੀ ਚਮੜੀ ਵਾਲੇ ਹਾਕਮ ਦਾ ਬੈਠਣਾ ਦਿਖਾਇਆ ਗਿਆ ਹੈ, ਜਦਕਿ ਲੁੱਟ-ਖਸੁੱਟ ਦੀ ਵਿਵਸਥਾ ਅਤੇ ਮਿਹਨਤਕਸ਼ ਲੋਕਾਂ ਨੂੰ ਦਬਾਉਣ ਦੇ ਸਾਰੇ ਸਾਧਨ ਬਰਕਰਾਰ ਰੱਖੇ ਗਏ ਹਨ। ਇਸ ਨਾਟਕ ਦੀ ਸਮਾਪਤੀ 21ਵੀਂ ਸਦੀ ਵਿੱਚ, ਇੱਕ ਹੋਰ ਗ਼ਦਰ ਦੇ ਜੋਸ਼ੀਲੇ ਐਲਾਨ ਨਾਲ ਹੋਈ।

ਇੱਕ ਐਸੇ ਸਮੇਂ,ਜਦ ਦੁਨੀਆਂ-ਭਰ ਵਿਚ ਸਾਡੇ ਲੋਕਾਂ ਅੰਦਰ, ਤੰਗ-ਨਜ਼ਰੀਏ ਦੇ ਫਿਰਕਾਪ੍ਰਸਤ ਅਤੇ ਸੁਆਰਥੀ ਵਿਚਾਰਾਂ ਨੂੰ ਫੈਲਾਇਆ ਜਾ ਰਿਹਾ ਹੈ, ਗ਼ਦਰੀ ਮੇਲਾ ਇੱਕ ਤਾਜ਼ਾ ਹਵਾ ਦੇ ਬੁਲੇ ਵਰਗਾ ਹੈ। ਇਹ ਦਿਖਾਉਂਦਾ ਹੈ ਕਿ ਵਿਦੇਸ਼-ਨਿਵਾਸੀ ਹਿੰਦੋਸਤਾਨੀਆਂ ਅੰਦਰ, ਇਨਕਲਾਬੀ ਪ੍ਰੰਪਰਾ ਅਤੇ ਸੰਗਰਾਮੀ ਜ਼ਜਬਾ ਅਜੇ ਤਕ ਜਿੰਦਾ ਹੈ ■